ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਐਤਵਾਰ 15 ਜੂਨ 2025 • ਸਾਲ 1 • ਅੰਕ 72 • ਪੰਨੇ 8 • Daily online PANJ AAB Newspaper • Germany & India • www.5aab.media



# ਇਜ਼ਰਾਈਲ ਹਮਲੇ 'ਚ 138 ਇਰਾਨੀਆਂ ਦੀ ਮੌਤ

## ਰੱਖਿਆ ਮੰਤਰੀ ਇਜ਼ਰਾਈਲ ਦੀ ਈਰਾਨ ਨੂੰ ਚੇਤਾਵਨੀ - 'ਮਿਜ਼ਾਈਲੀ ਹਮਲੇ ਨਹੀਂ ਰੋਕੇ ਤਾਂ ਸੜ ਜਾਵੇਗਾ ਤੇਹਰਾਨ'

**ਤਹਿਰਾਨ।** ਤਹਿਰਾਨ 'ਤੇ ਹਮਲਿਆਂ ਤੋਂ ਬਾਅਦ, ਈਰਾਨ ਹੁਣ ਇਜ਼ਰਾਈਲ ਨੂੰ ਨਿਸ਼ਾਨਾ ਬਣਾ ਰਿਹਾ ਹੈ। ਉਸ ਵੱਲੋਂ ਸੈਂਕੜੇ ਮਿਜ਼ਾਈਲ ਹਮਲੇ ਕੀਤੇ ਗਏ ਹਨ, ਜਿਸ ਵਿੱਚ ਇਜ਼ਰਾਈਲ ਨੂੰ ਵੀ ਨੁਕਸਾਨ ਪਹੁੰਚਿਆ ਹੈ।

ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕੈਟਜ਼ ਨੇ ਸ਼ਨੀਵਾਰ (14 ਜੂਨ, 2025) ਨੂੰ ਚੇਤਾਵਨੀ ਦਿੱਤੀ ਸੀ ਕਿ ਜੇਕਰ ਈਰਾਨ ਨੇ ਯਰੂਸ਼ਲਮ 'ਤੇ ਮਿਜ਼ਾਈਲ ਹਮਲੇ ਬੰਦ ਨਹੀਂ ਕੀਤੇ ਤਾਂ ਤਹਿਰਾਨ ਸੜੇਗਾ। ਤੁਹਾਨੂੰ ਦੱਸ ਦੇਈਏ ਕਿ ਈਰਾਨ ਦੇ ਹਮਲੇ ਵਿੱਚ 3 ਲੋਕਾਂ ਦੀ ਜਾਨ ਚਲੀ ਗਈ ਹੈ, ਜਦੋਂ ਕਿ ਇੱਕ ਦਰਜਨ ਲੋਕ ਜ਼ਖਮੀ ਹੋ ਗਏ ਹਨ।

ਈਰਾਨ ਦੇ ਹਮਲਿਆਂ 'ਤੇ ਇਜ਼ਰਾਈਲੀ ਫੌਜ ਦੇ ਚੀਫ਼ ਆਫ਼ ਸਟਾਫ਼ ਨਾਲ ਇੱਕ ਮੁਲਾਂਕਣ ਮੀਟਿੰਗ ਤੋਂ ਬਾਅਦ, ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਕਿਹਾ ਕਿ ਇਜ਼ਰਾਈਲੀ ਨਾਗਰਿਕਾਂ 'ਤੇ ਹਮਲਾ ਕਰਨ ਲਈ ਈਰਾਨ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਜੇਕਰ ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਨੇ ਇਜ਼ਰਾਈਲ 'ਤੇ ਮਿਜ਼ਾਈਲ ਹਮਲੇ ਬੰਦ ਨਹੀਂ ਕੀਤੇ ਤਾਂ ਤਹਿਰਾਨ ਸੜ ਜਾਵੇਗਾ।

ਈਰਾਨ ਨੇ ਇਜ਼ਰਾਈਲ 'ਤੇ ਕਈ ਬੈਲਿਸਟਿਕ ਮਿਜ਼ਾਈਲਾਂ ਅਤੇ ਹਥਿਆਰਬੰਦ ਡਰੋਨਾਂ ਨਾਲ ਹਮਲਾ ਕੀਤਾ ਹੈ। ਬੀਤੀ ਰਾਤ ਯਰੂਸ਼ਲਮ ਅਤੇ ਤੇਲ ਅਵੀਵ ਵਿੱਚ ਸਾਇਰਨ ਦੇ ਆਵਾਜ਼ ਸੁਣਾਈ ਦਿੱਤੀ। ਇਨ੍ਹਾਂ ਹਮਲਿਆਂ ਵਿੱਚ ਕਈ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਲੋਕਾਂ ਨੂੰ ਆਪਣੀਆਂ ਜਾਨਾਂ ਬਚਾਉਣ ਲਈ ਬੰਕਰਾਂ ਵਿੱਚ ਪਨਾਹ ਲੈਣੀ ਪਈ।ਇਜ਼ਰਾਈਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਵੱਲ ਆ ਰਹੀਆਂ ਕਈ (ਬਾਕੀ 2 ਤੇ)

### AIR INDIA ਦਾ ਵੱਡਾ ਐਲਾਨ

# 1 ਕਰੋੜ ਰੁਪਏ ਦੇ ਮੁਆਵਜ਼ੇ ਤੋਂ ਇਲਾਵਾ ਪੀੜਤ ਪਰਿਵਾਰਾਂ ਨੂੰ ਮਿਲਣਗੇ 25 ਲੱਖ ਰੁਪਏ

**ਨਵੀਂ ਦਿੱਲੀ।** ਏਅਰ ਇੰਡੀਆ ਨੇ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਯਾਤਰੀਆਂ ਅਤੇ ਇਕਲੌਤੇ ਬਚੇ ਯਾਤਰੀਆਂ ਦੇ ਪਰਿਵਾਰਾਂ ਲਈ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਹੈ। ਏਅਰ ਇੰਡੀਆ ਵੱਲੋਂ ਸ਼ਨੀਵਾਰ (14 ਜੂਨ) ਨੂੰ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਲਈ 25 ਲੱਖ ਰੁਪਏ ਦੀ ਅੰਤਰਿਮ ਸਹਾਇਤਾ ਦਿੱਤੀ ਜਾਵੇਗੀ।

ਇਹ ਸਹਾਇਤਾ ਰਾਸ਼ੀ ਟਾਟਾ ਸੰਨਜ਼ ਵੱਲੋਂ ਪਹਿਲਾਂ ਐਲਾਨੇ ਗਏ 1 ਕਰੋੜ ਰੁਪਏ ਤੋਂ ਇਲਾਵਾ ਹੈ। ਏਅਰ ਇੰਡੀਆ ਨੇ ਕਿਹਾ ਕਿ ਉਹ ਇਸ ਦੁੱਖ ਦੀ ਘੜੀ ਵਿੱਚ ਪੀੜਤਾਂ ਦੇ ਨਾਲ ਖੜ੍ਹੀ ਹੈ ਅਤੇ ਇਸਦੇ ਕਰਮਚਾਰੀ ਹਰ ਸੰਭਵ ਮਦਦ ਪ੍ਰਦਾਨ ਕਰਨ ਲਈ ਲਗਾਤਾਰ ਜ਼ਮੀਨ 'ਤੇ ਕੰਮ ਕਰ ਰਹੇ ਹਨ।

ਏਅਰ ਇੰਡੀਆ ਨੇ ਕਿਹਾ, "ਅਸੀਂ ਸਾਰੇ ਇਸ ਦੁਖਦਾਈ ਹਾਦਸੇ ਤੋਂ ਬਹੁਤ ਦੁਖੀ ਹਾਂ। ਅਸੀਂ ਜਾਨਾਂ ਗੁਆਉਣ ਵਾਲੇ ਯਾਤਰੀਆਂ ਦੇ ਪਰਿਵਾਰਾਂ ਅਤੇ ਅਜ਼ੀਜ਼ਾਂ ਪ੍ਰਤੀ ਆਪਣੀ ਸੰਵੇਦਨਾ ਪ੍ਰਗਟ ਕਰਦੇ ਹਾਂ। ਸਾਡਾ ਹਰ ਕਦਮ ਇਸ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਲਈ ਸਹਾਰਾ ਬਣਨ ਦੀ ਕੋਸ਼ਿਸ਼ ਹੈ।

ਸਰਕਾਰ ਵੱਲੋਂ ਉਚ ਪੱਧਰੀ ਕਮੇਟੀ ਦਾ ਗਠਨ

ਦੱਸ ਦੇਈਏ ਕਿ ਕੇਂਦਰ ਸਰਕਾਰ ਨੇ ਏਅਰ ਇੰਡੀਆ ਫਲਾਈਟ (ਬਾਕੀ 2 ਤੇ)

### ਗੁਰੂ ਨਗਰੀ ਅੰਮ੍ਰਿਤਸਰ ਤੋਂ ਵੱਡੀ ਖ਼ਬਰ; 2 ਔਰਤਾਂ ਪਾਈਆਂ ਗਈਆਂ ਕੋਰੋਨਾ ਪਾਜ਼ੀਟਿਵ

**ਅੰਮ੍ਰਿਤਸਰ** - ਦੇਸ਼ ਵਿੱਚ ਕੋਰੋਨਾ ਦੇ ਵੱਧ ਰਹੇ ਮਾਮਲਿਆਂ ਨੇ ਇੱਕ ਵਾਰ ਫਿਰ ਸਰਕਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਇਸ ਦੇ ਮੱਦੇਨਜ਼ਰ, ਪੰਜਾਬ ਸਰਕਾਰ ਨੇ ਸਾਵਧਾਨੀ ਵਰਤਦੇ ਹੋਏ ਇੱਕ ਨਵੀਂ ਸਲਾਹ ਜਾਰੀ ਕੀਤੀ ਹੈ, ਜਿਸ ਵਿੱਚ ਖਾਸ ਕਰਕੇ ਬਜ਼ੁਰਗਾਂ, ਬੱਚਿਆਂ, ਗਰਭਵਤੀ ਔਰਤਾਂ ਅਤੇ ਸਿਹਤ ਕਰਮਚਾਰੀਆਂ ਨੂੰ ਭੀੜ ਤੋਂ ਬਚਣ ਅਤੇ ਮਾਸਕ ਪਹਿਨਣ ਦੀ ਸਲਾਹ ਦਿੱਤੀ ਗਈ ਹੈ। ਉੱਥੇ ਹੀ ਦੂਜੇ ਪਾਸੇ ਪੰਜਾਬ ਦੇ (ਬਾਕੀ 2 ਤੇ)

### ਆਸਟਰੇਲੀਆ ਨੂੰ ਹਰਾ ਕੇ ਵਿਸ਼ਵ ਟੈਸਟ ਕ੍ਰਿਕਟ ਦਾ

# 27 ਸਾਲ ਬਾਅਦ ਚੈਂਪੀਅਨ ਬਣਿਆ ਦੱਖਣੀ ਅਫ਼ਰੀਕਾ

**ਲੰਡਨ।** ਆਸਟਰੇਲੀਆ ਅਤੇ ਦੱਖਣੀ ਅਫਰੀਕਾ ਵਿਚਾਲੇ ਲਾਰਡਸ ਵਿਖੇ ਖੇਡੇ ਗਏ ਵਿਸ਼ਵ ਟੈਸਟ ਚੈਂਪੀਅਨਸ਼ਿਪ 2025 ਦੇ ਫਾਈਨਲ ਵਿੱਚ ਆਸਟ?ਰੇਲੀਆ 5 ਵਿਕਟਾਂ ਨਾਲ ਹਾਰ ਗਿਆ। ਇਸ ਤਰ੍ਹਾਂ ਆਸਟ?ਰੇਲੀਆ ਲਗਾਤਾਰ ਦੂਜੀ ਵਾਰ ਇਸ ਖਿਤਾਬ 'ਤੇ ਕਬਜ਼ਾ ਕਰਨ ਤੋਂ ਖੁੰਝ ਗਿਆ। ਏਡਨ ਮਾਰਕ੍ਰਮ ਦੇ ਸੈਂਕੜੇ ਦੀ ਮਦਦ ਨਾਲ, ਦੱਖਣੀ ਅਫਰੀਕਾ ਨੇ ਆਪਣੇ 'ਤੇ ਚੋਕਰ ਟੈਗ ਵੀ ਖਤਮ ਕਰ ਦਿੱਤਾ। ਦੱਖਣੀ ਅਫਰੀਕਾ ਨੇ 1998 ਤੋਂ ਬਾਅਦ ਪਹਿਲੀ ਵਾਰ ਆਈਸੀਸੀ ਟਰਾਫੀ 'ਤੇ ਕਬਜ਼ਾ ਕੀਤਾ। 27 ਸਾਲਾਂ ਬਾਅਦ, ਉਨ੍ਹਾਂ ਨੇ ਆਈਸੀਸੀ ਟਰਾਫੀ ਜਿੱਤੀ। ਦੱਖਣੀ ਅਫਰੀਕਾ ਦੇ ਕਪਤਾਨ ਟੇਂਬਾ ਬਾਵੁਮਾ ਨੇ ਟਾਸ ਜਿੱਤਿਆ ਅਤੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ, ਜੋ ਉਨ੍ਹਾਂ ਲਈ ਪ੍ਰਭਾਵਸ਼ਾਲੀ ਸਾਬਤ ਹੋਇਆ। ਪਹਿਲੀ ਪਾਰੀ ਵਿੱਚ, ਆਸਟ?ਰੇਲੀਆ ਨੇ ਬੱਲੇਬਾਜ਼ੀ ਕੀਤੀ (ਬਾਕੀ 2 ਤੇ)




### ਰਾਜਨੀਤੀ ਮੇਰਾ ਧੰਦਾ ਨਹੀਂ, ਮੈਂ ਬਦਲਾਅ ਲਈ ਆਇਆ

# ਸਿੱਧੂ ਬੋਲੇ ਮੈਂ ਲੋਕਾਂ ਦੀ ਸੇਵਾ ਕਰਨ ਲਈ ਤਿਆਰ

**ਚੰਡੀਗੜ੍ਹ।** ਪੰਜਾਬ ਕਾਂਗਰਸ ਦੇ ਆਗੂ ਤੇ ਸਾਬਕਾ ਕ੍ਰਿਕਟਰ ਨਵਜੋਤ ਸਿੰਗ ਸਿੱਧੂ ਇੱਕ ਵਾਰ ਫਿਰ ਐਕਟਿਵ ਹੋ ਗਏ ਹਨ। ਹਾਲ ਹੀ 'ਚ ਉਹ ਕਪਿਲ ਸ਼ਰਮਾ ਸ਼ੋਅ 'ਚ ਵਾਪਸੀ ਦੀ ਖ਼ਬਰ ਕਾਰਨ ਚਰਚਾ 'ਚ ਆਏ ਸਨ ਤੇ ਹੁਣ ਉਹ ਆਪਣੇ ਰਾਜਨੀਤੀ ਨੂੰ ਲੈ ਕੇ ਦਿੱਤੇ ਗਏ ਬਿਆਨ ਕਰਕੇ ਫਿਰ ਸੁਰਖੀਆਂ 'ਚ ਆ ਗਏ ਹਨ।

ਨਵਜੋਤ ਸਿੰਘ ਸਿੱਧੂ ਅੱਜ ਅੰਮ੍ਰਿਤਸਰ 'ਚ ਘੁੰਮਦੇ ਹੋਏ ਨਜ਼ਰ ਆਏ। ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਰਾਜਨੀਤੀ 'ਚ ਵਾਪਸੀ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ ਉਹ ਰਾਜਨੀਤੀ 'ਚ ਵਪਾਰ ਕਰਨ ਲਈ ਨਹੀਂ, ਸਗੋਂ ਬਦਲਾਅ ਲਿਆਉਣ ਲਈ ਆਏ ਸੀ।

ਪਿਛਲੇ 30 ਸਾਲਾਂ ਦੀਆਂ ਸਰਕਾਰਾਂ 'ਤੇ ਟਿੱਪਣੀ ਕਰਦੇ ਹੋਏ ਸਿੱਧੂ ਨੇ ਕਿਹਾ ਕਿ ਪਿਛਲੀਆਂ ਸਾਰੀਆਂ ਸਰਕਾਰਾਂ ਮਾਫ਼ੀਆ ਦੇ ਨਿਯੰਤਰਣ 'ਚ ਸੀ। ਉਨ੍ਹਾਂ ਨੇ ਕਿਹਾ ਕਿ ਪਿਛਲੇ 15 ਸਾਲਾਂ ਦੀ ਰਾਜਨੀਤੀ 'ਚ ਉਨ੍ਹਾਂ 'ਤੇ ਇੱਕ ਵੀ ਦੋਸ਼ ਨਹੀਂ (ਬਾਕੀ 2 ਤੇ)

### ਪੰਜਾਬ ਦੇ ਐਡਵੋਕੇਟ ਜਨਰਲ ਐਮ.ਐਸ. ਬੇਦੀ ਨੇ ਰਾਜਪਾਲ ਨਾਲ ਕੀਤੀ ਮੁਲਾਕਾਤ



**ਚੰਡੀਗੜ੍ਹ।** ਪੰਜਾਬ ਦੇ ਐਡਵੋਕੇਟ ਜਨਰਲ ਸ. ਮਨਿੰਦਰਜੀਤ ਸਿੰਘ ਬੇਦੀ ਨੇ ਅੱਜ ਰਾਜ ਭਵਨ ਵਿਖੇ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਪੰਜਾਬ ਨਾਲ ਸਬੰਧਤ ਵੱਖ-ਵੱਖ ਕਾਨੂੰਨੀ ਅਤੇ ਪ੍ਰਸ਼ਾਸਨਿਕ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਰਾਜਪਾਲ ਨੇ ਸੂਬੇ ਵਿੱਚ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਅਤੇ ਸੂਬਾ ਸਰਕਾਰ ਨੂੰ ਕਾਨੂੰਨੀ ਮਾਰਗਦਰਸ਼ਨ ਪ੍ਰਦਾਨ ਕਰਨ ਵਿੱਚ ਐਡਵੋਕੇਟ ਜਨਰਲ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਇਹ ਮੁਲਾਕਾਤ ਨਿੱਘੇ ਸੰਵਾਦ ਅਤੇ ਆਪਸੀ ਸਦਭਾਵਨਾ ਨਾਲ ਭਰਪੂਰ ਸੀ।

# ਸਿਕੰਦਰ ਸਿੰਘ ਮਲੂਕਾ ਦੀ ਸ਼ਰੋਮਣੀ ਅਕਾਲੀ ਦਲ 'ਚ ਵਾਪਸੀ, ਸੁਖਬੀਰ ਬਾਦਲ ਨੇ ਕਰਵਾਈ ਪਾਰਟੀ ਜੁਆਇੰਨ



**ਲੁਧਿਆਣਾ।** ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਦੀ ਸ਼?ਰੋਮਣੀ ਅਕਾਲੀ ਦਲ 'ਚ ਵਾਪਸੀ ਹੋ ਗਈ ਹੈ। ਉਨ੍ਹਾਂ ਨੂੰ ਸੁਖਬੀਰ ਸਿੰਘ ਬਾਦਲ ਨੇ ਮੁੜ ਪਾਰਟੀ ਜੁਆਇੰਨ ਕਰਵਾਈ। ਦੱਸ ਦਈਏ ਕਿ ਸਿਕੰਦਰ ਸਿੰਘ ਮਲੂਕਾ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਚੱਲਦੇ ਬਾਹਰ ਦਾ ਰਾਸਤਾ ਦੱਸਿਆ ਗਿਆ ਸੀ। ਮਲੂਕਾ ਦੇ ਪਾਰਟੀ ਤੋਂ ਬਾਹਰ ਹੋਣ ਤੋਂ ਬਾਅਦ ਉਨ੍ਹਾਂ ਦੀ ਨੂੰਹ ਨੇ ਇਸ ਵਾਰ ਬਠਿੰਡਾ ਤੋਂ ਭਾਜਪਾ ਲਈ ਚੋਣ ਲੜੀ ਸੀ। ਉਨ੍ਹਾਂ ਦੀ ਨੂੰਹ ਤੇ ਪੁੱਤਰ ਨੇ ਭਾਜਪਾ ਜੁਆਇੰਨ ਕਰ ਲਈ ਸੀ। ਇਸ ਦੌਰਾਨ ਮਲੂਕਾ ਦੀਆਂ ਨਜ਼ਦੀਕੀਆਂ ਵੀ ਭਾਜਪਾ ਨਾਲ ਦੇਖੀਆਂ ਗਈਆਂ, ਪਰ ਉਨ੍ਹਾਂ ਨੇ ਭਾਜਪਾ ਪਾਰਟੀ ਜੁਆਇੰਨ ਨਹੀਂ ਕੀਤੀ ਸੀ।

ਸਿਕੰਦਰ ਸਿੰਘ ਮਲੂਕਾ ਦੀ ਵਾਪਸੀ ਨੂੰ ਲੈ ਕੇ ਸੁਖਬੀਰ ਬਾਦਲ ਨੇ ਸੋਸ਼ਲ ਮੀਡੀਆ ਪਲੈਟਫਾਰਮ ਐਕਸ 'ਤੇ ਪੋਸਟ ਕੀਤਾ- ਮੈਨੂੰ ਸੀਨੀਅਰ ਅਕਾਲੀ ਆਗੂ ਸ. ਸਿਕੰਦਰ ਸਿੰਘ ਮਲੂਕਾ ਦਾ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸ ਸਵਾਗਤ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ। ਮਲੂਕਾ ਸਾਹਿਬ ਨੇ ਸ. ਪ੍ਰਕਾਸ਼ ਸਿੰਘ ਜੀ ਬਾਦਲ ਦੀ ਅਗਵਾਈ ਹੇਠ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਉਨ੍ਹਾਂ ਦੀ ਵਾਪਸੀ ਪਾਰਟੀ ਨੂੰ ਹੋਰ ਮਜ਼ਬੂਤ ??ਕਰੇਗੀ, ਅਤੇ ਉਹ ਤੁਰੰਤ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਪਾਰਟੀ ਦੀ ਮੁਹਿੰਮ ਵਿੱਚ ਸ਼ਾਮਲ ਹੋਣਗੇ। ਪੰਜਾਬ ਦੇ ਲੋਕਾਂ ਦੇ ਸਮਰਥਨ ਨਾਲ ਅਕਾਲੀ ਦਲ ਹਰ ਬੀਤਦੇ ਦਿਨ ਦੇ ਨਾਲ ਮਜ਼ਬੂਤ ਹੋ ਰਿਹਾ ਹੈ। ਮੈਂ ਸਾਰੇ ਪੰਜਾਬੀਆਂ ਨੂੰ ਸੂਬੇ ਦੀ ਸ਼ਾਂਤੀ ਅਤੇ ਵਿਕਾਸ ਲਈ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਇਕੱਠੇ ਹੋਣ ਦੀ ਅਪੀਲ ਕਰਦਾ ਹਾਂ।

ਦੱਸ ਦਈਏ ਕੁੱਝ ਅਰਸਾਂ ਪਹਿਲਾਂ ਸ਼?ਰੋਮਣੀ ਅਕਾਲੀ ਦਲ 'ਚ ਭਗਾਵਤ ਤੋਂ ਬਾਅਦ ਪਾਰਟੀ ਆਗੂ ਦੋ ਧੜਿਆਂ 'ਚ ਖਿੰਡ ਗਏ ਸਨ। ਅਕਾਲੀ ਦਲ ਅਨੁਸ਼ਾਸ਼ਨੀ ਕਮੇਟੀ ਨੇ ਬਾਗੀ ਆਗੂਆਂ ਨੂੰ ਪਾਰਟੀ ਤੋਂ ਬਾਹਰ ਦਾ ਰਾਹ ਦਿਖਾਇਆ ਸੀ। ਪਾਰਟੀ ਵਿਰੋਧੀ ਗਤੀਵਿਧੀਆਂ ਨੂੰ ਦੇਖਦੇ ਹੋਏ ਕਈ ਵੱਡੇ ਆਗੂਆਂ ਨੂੰ ਪਾਰਟੀ ਚੋਂ ਬਾਹਰ ਕੀਤਾ ਗਿਆ, ਜਿਨ੍ਹਾਂ ਚ ਸਿਕੰਦਰ ਸਿੰਘ ਮਲੂਕਾ ਦਾ ਨਾਂ ਵੀ ਸੀ। ਹਾਲਾਂਕਿ, ਹੁਣ ਪਾਰਟੀ ਫਿਰ ਆਪਣਾ ਪੁਨਰਗਠਨ ਕਰ ਰਹੀ ਹੈ ਤੇ ਕਈ ਸੀਨੀਅਰ ਆਗੂਆਂ ਦੀ ਇਸ ਦੌਰਾਨ (ਬਾਕੀ 2 ਤੇ)

### ਕੁਰਕਸ਼ੇਤਰ 'ਚ ਵਾਪਰੀ ਵੱਡੀ ਵਾਰਦਾਤ; ਬਦਮਾਸ਼ਾਂ ਨੇ ਸ਼ਰਾਬ ਠੇਕੇਦਾਰ ਨੂੰ ਗੋਲੀਆਂ ਨਾਲ ਭੁੰਨਿਆ, ਹੋਈ ਮੌਤ

**ਕੁਰਕਸ਼ੇਤਰ** - ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਰਾਤ ਨੂੰ ਇੱਕ ਸਨਸਨੀਖੇਜ਼ ਘਟਨਾ ਵਾਪਰੀ। ਸ਼ਾਹਬਾਦ ਕਸਬੇ ਦੇ ਮੀਨਾ ਮਾਰਕੀਟ ਵਿੱਚ ਇੱਕ ਸ਼ਰਾਬ ਠੇਕੇਦਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਰਾਤ 8 ਵਜੇ ਦੇ ਕਰੀਬ ਵਾਪਰੀ।

ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਸ਼ਰਾਬ ਠੇਕੇਦਾਰ ਚੰਡੀਗੜ੍ਹ ਜਾ ਰਿਹਾ ਸੀ। ਰਸਤੇ ਵਿੱਚ ਉਸਨੇ ਸ਼ਾਹਬਾਦ ਦੇ ਮੀਨਾ ਮਾਰਕੀਟ ਵਿੱਚ ਸਿਗਰਟ ਖਰੀਦਣ ਲਈ ਆਪਣੀ ਕਾਰ ਰੋਕੀ। ਫਿਰ ਅਚਾਨਕ ਦੋ ਬਾਈਕ ਸਵਾਰ ਬਦਮਾਸ਼ ਉੱਥੇ ਪਹੁੰਚ ਗਏ ਅਤੇ ਠੇਕੇਦਾਰ 'ਤੇ ਗੋਲੀਆਂ ਚਲਾ ਦਿੱਤੀਆਂ।

ਮੌਕੇ 'ਤੇ ਮੌਜੂਦ ਲੋਕਾਂ ਅਨੁਸਾਰ, ਬਦਮਾਸ਼ਾਂ ਨੇ ਲਗਭਗ 7 ਤੋਂ 9 ਰਾਊਂਡ ਫਾਇਰ ਕੀਤੇ। ਠੇਕੇਦਾਰ ਨੂੰ ਤਿੰਨ ਗੋਲੀਆਂ ਲੱਗੀਆਂ। ਗੋਲੀਆਂ ਦੀ ਆਵਾਜ਼ ਸੁਣ ਕੇ ਆਸ-ਪਾਸ ਦੇ ਲੋਕ ਮੌਕੇ 'ਤੇ ਪਹੁੰਚ ਗਏ। ਗੰਭੀਰ ਰੂਪ ਵਿੱਚ ਜ਼ਖਮੀ ਠੇਕੇਦਾਰ ਨੂੰ ਮੋਹਰੀ ਦੇ ਨੇੜਲੇ ਆਦੇਸ਼ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ, ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਸੋਨੀਪਤ ਦਾ ਰਹਿਣ ਵਾਲਾ ਸੀ ਅਤੇ ਸ਼ਾਹਬਾਦ ਇਲਾਕੇ ਵਿੱਚ ਇੱਕ ਸ਼ਰਾਬ ਦੀ ਦੁਕਾਨ ਦੀ ਜ਼ਿੰਮੇਵਾਰੀ ਸੰਭਾਲ ਰਿਹਾ ਸੀ। ਪੁਲਿਸ ਅਤੇ ਜਾਂਚ ਟੀਮ ਮੌਕੇ 'ਤੇ ਪਹੁੰਚੀ ਅਤੇ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਮਾਮਲਾ ਨਿੱਜੀ ਰੰਜਿਸ਼ ਜਾਂ (ਬਾਕੀ 2 ਤੇ)

### ਲੁਧਿਆਣਾ ਪੱਛਮੀ: ਜ਼ਿਮਨੀ ਚੋਣ ਤੋਂ ਪਹਿਲਾਂ ਭੱਖਿਆ ਮਾਹੌਲ, ਭਾਜਪਾ ਲਈ ਨਾਇਬ ਸੈਣੀ ਤੇ ਕਾਂਗਰਸ ਲਈ ਅਲਕਾ ਲਾਂਬਾ ਕਰਨਗੇ ਪ੍ਰਚਾਰ



**ਲੁਧਿਆਣਾ** - ਲੁਧਿਆਣਾ ਪੱਛਮੀ 'ਚ 19 ਜੂਨ ਨੂੰ ਜ਼ਿਮਨੀ ਚੋਣ ਹੋਣੀ ਹੈ। ਇਸ ਤੋਂ ਪਹਿਲਾਂ ਸਿਆਸੀ ਮਾਹੌਲ ਪੂਰੀ ਤਰ੍ਹਾਂ ਭੱਖ ਗਿਆ ਹੈ। ਸਾਰੀਆਂ ਪਾਰਟੀਆਂ ਆਪਣੇ ਉਮੀਦਵਾਰ ਦੀ ਜਿੱਤ ਲਈ ਪ੍ਰਚਾਰ ਕਰ ਰਹੀਆਂ ਹਨ। ਉੱਥੇ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਆਪਣੇ ਉਮੀਦਵਾਰ ਦੇ ਪ੍ਰਚਾਰ 'ਚ ਪੂਰੀ ਤਰ੍ਹਾਂ ਐਕਟਿਵ ਨਜ਼ਰ ਆ ਰਹੇ ਹਨ। ਉਹ ਪਿਛਲੇ 10 ਦਿਨਾਂ ਤੋਂ ਲੁਧਿਆਣਾ 'ਚ ਕਾਫ਼ੀ ਸਰਗਰਮ ਹਨ।

ਨਾਇਬ ਸੈਣੀ ਦਾ ਲੁਧਿਆਣਾ ਦੌਰਾ

ਭਾਜਪਾ ਲਈ ਚੋਣ ਪ੍ਰਚਾਰ ਕਰਨ ਲਈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਅੱਜ ਲੁਧਿਆਣਾ ਪਹੁੰਚ ਰਹੇ ਹਨ। ਸੈਣੀ ਭਾਜਪਾ ਦੇ ਉਮੀਦਵਾਰ ਜੀਵਨ ਗੁਪਤਾ ਲਈ ਪ੍ਰਚਾਰ ਕਰਨਗੇ। ਨਾਇਬ ਸੈਣੀ ਦੇ ਲੁਧਿਆਣਾ ਦੌਰੇ ਨਾਲ ਭਾਜਪਾ ਵਰਕਰਾਂ 'ਚ ਉਤਸ਼ਾਹ ਦਾ ਮਾਹੌਲ ਹੈ। ਦੱਸ ਦਈਏ ਕੀ ਕੱਲ੍ਹ ਯਾਨੀ 15 ਯੂਨ ਨੂੰ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਲੁਧਿਆਣਾ ਜ਼ਿਮਨੀ ਚੋਣ 'ਚ ਪਾਰਟੀ ਉਮੀਦਵਾਰ ਦਾ ਪ੍ਰਚਾਰ ਕਰਨ ਲਈ ਆ ਰਹੇ ਹਨ।

ਕਾਂਗਰਸ ਲਈ ਅਲਕਾ ਲਾਂਬਾ ਕਰਨਗੇ ਪ੍ਰਚਾਰ

ਉੱਥੇ ਹੀ ਆਲ ਇੰਡੀਆਂ ਮਹਿਲਾ ਕਾਂਗਰਸ ਕਮੇਟੀ ਦੀ ਪ੍ਰਧਾਨ ਅਲਕਾ ਲਾਂਬਾ ਵੀ ਲੁਧਿਆਣਾ ਪਹੁੰਚ ਰਹੇ ਹਨ। ਉਹ ਆਪਣੇ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਲਈ ਚੋਣ ਪ੍ਰਚਾਰ ਕਰਦੇ ਹੋਏ ਨਜ਼ਰ ਆਉਣਗੇ। ਉਹ ਫਿਰੋਜ਼ਪੁਰ ਰੋਡ ਸਥਿਤ ਸੰਧੂ ਟਾਵਰ ਨਜ਼ਦੀਕ ਬਣੇ ਕਾਂਗਰਸ ਚੋਣ ਦਫ਼ਤਰ 'ਚ ਪ੍ਰੈੱਸ ਕਾਨਫਰੰਸ ਕਰਨਗੇ। ਉਨ੍ਹਾਂ ਨਾਲ ਹਲਕਾ ਪੱਛਮੀ ਜ਼ਿਮਨੀ ਚੋਣ ਦੇ ਇੰਚਾਰਜ ਤੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਵੀ ਮੌਜੂਦ ਰਹਿਣਗੇ।

ਜ਼ਿਮਨੀ ਚੋਣ 'ਚ ਪ੍ਰਮੁੱਖ ਪਾਰਟੀਆਂ ਦੇ ਉਮੀਦਵਾਰ

ਦੱਸ ਦੇਈਏ ਕਿ ਆਮ ਆਦਮੀ ਪਾਰਟੀ ਨੇ ਜ਼ਿਮਨੀ ਚੋਣ ਲਈ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੂੰ ਮੈਦਾਨ ਵਿੱਚ ਉਤਾਰਿਆ ਹੈ। ਅਰੋੜਾ ਲੁਧਿਆਣਾ ਦੇ ਇੱਕ ਉਦਯੋਗਪਤੀ ਹਨ ਅਤੇ ਆਪਣੇ ਸਮਾਜ ਭਲਾਈ ਕਾਰਜਾਂ ਲਈ ਵੀ ਜਾਣੇ ਜਾਂਦੇ ਹਨ। ਅਰੋੜਾ 2022 ਤੋਂ ਰਾਜ ਸਭਾ ਦੇ ਮੈਂਬਰ ਹਨ।

### ਆਮ ਆਦਮੀ ਪਾਰਟੀ ਦਾ ਕੁਨਬਾ ਹੋਇਆ ਹੋਰ ਵੀ ਮਜ਼ਬੂਤ

# ਲੁਧਿਆਣਾ ਦੇ ਮਸ਼ਹੂਰ ਉਦਯੋਗਪਤੀ ਅਤੇ ਐਮ.ਐਸ.ਐਮ.ਈ ਇੰਡਸਟਰੀਜ਼ ਦੇ ਪ੍ਰਧਾਨ ਬਦੀਸ਼ ਜਿੰਦਲ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ

**ਲੁਧਿਆਣਾ** - ਲੁਧਿਆਣਾ ਪੱਛਮੀ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਲਗਾਤਾਰ ਮਜ਼ਬੂਤ ਹੁੰਦੀ ਜਾ ਰਹੀ ਹੈ। ਸ਼ਨੀਵਾਰ ਨੂੰ ਲੁਧਿਆਣਾ ਦੇ ਮਸ਼ਹੂਰ ਉਦਯੋਗਪਤੀ ਅਤੇ ਐਮ.ਐਸ.ਐਮ.ਈ ਇੰਡਸਟਰੀਜ਼ ਦੇ ਪ੍ਰਧਾਨ ਬਦੀਸ਼ ਜਿੰਦਲ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਆਪ' ਪੰਜਾਬ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕੈਬਨਿਟ ਮੰਤਰੀ ਤਰੁਣਪ੍ਰੀਤ ਸੌਂਧ ਦੀ ਮੌਜੂਦਗੀ ਵਿੱਚ ਰਸਮੀ ਤੌਰ 'ਤੇ ਬਦੀਸ਼ ਜਿੰਦਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ 'ਆਪ' ਪਰਿਵਾਰ ਵਿੱਚ ਸਵਾਗਤ ਕੀਤਾ।

ਪਾਰਟੀ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਜਿੰਦਲ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਉਦਯੋਗ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ। ਉਨ੍ਹਾਂ ਨੇ ਕਿਹਾ ਕਿ ਪਿਛਲੀਆਂ



ਸਰਕਾਰਾਂ ਦੇ ਉਲਟ,ਆਪ ਸਰਕਾਰ ਸਿਰਫ਼ ਵਾਅਦੇ ਹੀ ਨਹੀਂ ਕਰਦੀ, ਸਗੋਂ ਉਦਯੋਗਾਂ ਅਤੇ ਛੋਟੇ-ਮੱਧਮ ਕਾਰੋਬਾਰਾਂ ਦੇ ਵਿਕਾਸ ਲਈ ਵੀ ਠੋਸ ਕਦਮ ਚੁੱਕ ਰਹੀ ਹੈ। ਫਾਸਟ ਟ?ਰੈਕ ਪੰਜਾਬ ਪੋਰਟਲ ਜਿਸ ਦੀ ਸਭ ਤੋਂ ਵੱਡੀ ਉਦਾਹਰਨ ਹੈ। ਉਨ੍ਹਾਂ ਇੰਡਸਟਰੀ ਦੀ ਦਹਾਕਿਆਂ ਪੁਰਾਣੀ ਕਈ ਮੰਗਾਂ ਨੂੰ ਪੂਰਾ ਕਰਨ ਲਈ ਆਪ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਆਪ ਉਮੀਦਵਾਰ ਸੰਜੀਵ ਅਰੋੜਾ ਨੂੰ ਜਿਤਾਉਣ ਦਾ ਵਾਅਦਾ ਕੀਤਾ।

ਇਸ ਮੌਕੇ ਅਮਨ ਅਰੋੜਾ ਨੇ ਕਿਹਾ ਕਿ ਜਿੰਦਲ ਅਤੇ ਉਨ੍ਹਾਂ ਦੇ ਸਾਥੀਆਂ ਦੇ ਸ਼ਾਮਲ ਹੋਣ ਨਾਲ ਪਾਰਟੀ ਹੋਰ ਵੀ ਮਜ਼ਬੂਤ ਹੋਵੇਗੀ ਅਤੇ ਉਦਯੋਗ ਜਗਤ ਵਿੱਚ ਪਾਰਟੀ ਦੀ ਪਹੁੰਚ ਨੂੰ ਨਵੀਂ ਊਰਜਾ ਮਿਲੇਗੀ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੇ ਉਦਯੋਗਿਕ ਵਿਕਾਸ ਲਈ ਪ੍ਰਤੀਬੱਧ ਹਾਂ ਅਤੇ ਇਸ ਦਿਸ਼ਾ ਵਿੱਚ ਹੋਰ ਵੀ ਮਜ਼ਬੂਤ ਯੋਜਨਾਵਾਂ 'ਤੇ ਕੰਮ ਕਰ ਰਹੇ ਹਾਂ।



ਹੁਸ਼ਿਆਰਪੁਰ : ਸਬ ਇੰਸਪੈਕਟਰ ਹਰਸ਼ ਕੁਮਾਰ ਵੱਲੋਂ ਥਾਣਾ ਚੱਬੇਵਾਲ ਦੇ ਐਸ ਐਚ ਓ ਦਾ ਅਹੁਦਾ ਸੰਭਾਲਣ ਤੇ ਨਜ਼ਦੀਕੀ ਪਿੰਡ ਪੱਟੀ ਦੇ ਸਰਪੰਚ ਸ਼ਿੰਦਰਪਾਲ ਐਸ ਐਚ ਓ ਹਰਸ਼ ਕੁਮਾਰ ਨੂੰ ਬੁੱਕਾ ਦੇ ਕੇ ਸਨਮਾਨਿਤ ਕਰਦੇ ਹੋਏ ! (ਵੇਰਵਾ ਤਰਸੇਮ ਦੀਵਾਨਾ)

# 'ਯੁੱਧ ਨਸ਼ਿਆਂ ਵਿਰੁੱਧ' ਦਾ 105ਵਾਂ ਦਿਨ: 1.9 ਕਿਲੋਗ੍ਰਾਮ ਹੈਰੋਇਨ, 1 ਕਿਲੋਗ੍ਰਾਮ ਅਫੀਮ ਸਮੇਤ 158 ਨਸ਼ਾ ਤਸਕਰ ਕਾਬੂ

## 'ਡੀ-ਅਡਿਕਸ਼ਨ' ਹਿੱਸੇ ਵਜੋਂ, ਪੰਜਾਬ ਪੁਲਿਸ ਨੇ 65 ਵਿਅਕਤੀਆਂ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਕੀਤਾ ਰਾਜ਼ੀ

**ਚੰਡੀਗੜ੍ਹ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ ÷ਯੁੱਧ ਨਸ਼ਿਆਂ ਵਿਰੁੱਧ÷ ਨੂੰ 105ਵੇਂ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ 158 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.9 ਕਿਲੋ ਹੈਰੋਇਨ, 1 ਕਿਲੋ ਅਫੀਮ, 2.8 ਕਿਲੋ ਗਾਂਜਾ ਅਤੇ 36340 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 105 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 17,484 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 112 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1700 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 250 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 531 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 116 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 582 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 65 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਪੰਜਾਬ ਲਈ ਮਾਣ ਤੇ ਹੌਂਸਲੇ ਦੀ ਉਡਾਣ: ਮਾਈ ਭਾਗੋ ਇੰਸਟੀਚਿਊਟ ਦੀਆਂ ਤਿੰਨ ਕੈਡਿਟਾਂ ਨੂੰ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫ਼ਸਰ ਵਜੋਂ ਮਿਲਿਆ ਕਮਿਸ਼ਨ

**ਚੰਡੀਗੜ੍ਹ**

ਆਪਣੀਆਂ ਸ਼ਾਨਾਮੱਤੀਆਂ ਪ੍ਰਾਪਤੀਆਂ ਨੂੰ ਜਾਰੀ ਰੱਖਦਿਆਂ ਪੰਜਾਬ ਸਰਕਾਰ ਦੇ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.) ਫਾਰ ਗਰਲਜ਼, ਐਸ.ਏ.ਐਸ. ਨਗਰ (ਮੋਹਾਲੀ) ਦੀਆਂ ਤਿੰਨ ਸਾਬਕਾ ਕੈਡਿਟਾਂ ਹਰਨੂਰ ਸਿੰਘ, ਕ੍ਰਿਤੀ ਐਸ ਬਿਸ਼ਟ ਅਤੇ ਅਲੀਸ਼ਾ ਨੂੰ ਅੱਜ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਤੋਂ ਸਫ਼ਲਤਾਪੂਰਵਕ ਪਾਸ ਆਊਟ ਹੋਣ ਉੱਤੇ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫ਼ਸਰ ਵਜੋਂ ਕਮਿਸ਼ਨ ਮਿਲਿਆ ਹੈ। ਉਨ੍ਹਾਂ ਨੂੰ ਇੱਕ ਪ੍ਰਭਾਵਸ਼ਾਲੀ ਪਾਸਿੰਗ ਆਊਟ ਪਰੇਡ ਵਿੱਚ ਕਮਿਸ਼ਨ ਦਿੱਤਾ ਗਿਆ, ਜਿਸਦਾ ਨਿਰੀਖਣ ਹਵਾਈ ਸੈਨਾ ਦੇ ਮੁਖੀ ਏਅਰ ਚੀਫ਼ ਮਾਰਸ਼ਲ ਅਮਰ ਪ੍ਰੀਤ ਸਿੰਘ, ਪੀ.ਵੀ.ਐਸ.ਐਮ., ਏ.ਵੀ.ਐਸ.ਐਮ. ਵੱਲੋਂ ਕੀਤਾ ਗਿਆ।

ਦੱਸਣਯੋਗ ਹੈ ਕਿ ਫਲਾਇੰਗ ਅਫ਼ਸਰ ਹਰਨੂਰ ਸਿੰਘ ਅਤੇ ਅਲੀਸ਼ਾ ਨੂੰ ਸਿੱਖਿਆ ਸ਼ਾਖਾ ਵਿੱਚ ਕਮਿਸ਼ਨ ਮਿਲਿਆ ਹੈ, ਜਦੋਂਕਿ ਫਲਾਇੰਗ ਅਫ਼ਸਰ ਕ੍ਰਿਤੀ ਐਸ ਬਿਸ਼ਟ ਨੂੰ ਹਵਾਈ ਸੈਨਾ ਦੀ ਪ੍ਰਸ਼ਾਸਨ ਸ਼ਾਖਾ ਵਿੱਚ ਫਲਾਈਟ ਕੰਟਰੋਲਰ ਵਜੋਂ ਕਮਿਸ਼ਨ ਮਿਲਿਆ ਹੈ।

ਫਲਾਇੰਗ ਅਫ਼ਸਰ ਹਰਨੂਰ ਸਿੰਘ ਪਠਾਨਕੋਟ ਦੇ ਰਹਿਣ ਵਾਲੇ ਸ. ਵਿਕਰਮ ਸਿੰਘ ਬੈਂਸ ਦੀ ਧੀ ਹੈ, ਜੋ ਸਰਕਾਰੀ ਸਕੂਲ ਵਿੱਚ ਪ੍ਰਿੰਸੀਪਲ ਹਨ। ਫਲਾਇੰਗ ਅਫ਼ਸਰ ਕ੍ਰਿਤੀ ਐਸ. ਬਿਸ਼ਟ ਦੇ ਪਿਤਾ ਸ੍ਰੀ ਸ਼ਕਤੀ ਸ਼ਰਨ ਸਿੰਘ ਪੀ.ਏ.ਸੀ.ਐਲ., ਨੰਗਲ ਵਿਖੇ ਸੀਨੀਅਰ ਇੰਜੀਨੀਅਰ ਹਨ। ਫਲਾਇੰਗ ਅਫ਼ਸਰ ਅਲੀਸ਼ਾ ਦੇ ਪਿਤਾ ਸ੍ਰੀ ਸੁਨੀਲ ਦੱਤ, ਜੋ ਜਲੰਧਰ ਨਾਲ ਸਬੰਧ ਰੱਖਦੇ ਹਨ, ਇੱਕ ਪ੍ਰਾਈਵੇਟ ਸਕੂਲ ਵਿੱਚ ਅਧਿਆਪਕ ਹਨ। ਇਨ੍ਹਾਂ ਮਹਿਲਾ ਕੈਡਿਟਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਹਨਾਂ ਦੀ ਸਫ਼ਲਤਾ ਪੰਜਾਬ ਦੀਆਂ ਹੋਰਨਾਂ ਧੀਆਂ ਨੂੰ ਰੱਖਿਆ ਸੇਵਾਵਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਰੱਖਿਆ ਸੇਵਾਵਾਂ ਵਿੱਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਹੋਣ ਦਾ ਟੀਚਾ ਰੱਖਣ ਵਾਲੀ ਕੁੜੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਜੁਲਾਈ, 2023 ਵਿੱਚ ਮਾਈ ਭਾਗੋ ਇੰਸਟੀਚਿਊਟ ਵਿਖੇ ਕੁੜੀਆਂ ਲਈ ਐਨ.ਡੀ.ਏ. ਪ੍ਰੈਪਰੇਟਰੀ ਵਿੰਗ ਵੀ ਸਥਾਪਤ ਕੀਤਾ, ਜਿਸ ਦਾ ਦੂਜਾ ਬੈਚ ਇਸ ਸਮੇਂ ਸਿਖਲਾਈ ਲੈ ਰਿਹਾ ਹੈ। ਮਾਈ ਭਾਗੋ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ, ਏ.ਵੀ.ਐਸ.ਐਮ. (ਸੇਵਾਮੁਕਤ) ਨੇ ਇਨ੍ਹਾਂ ਤਿੰਨ ਕੈਡਿਟਾਂ ਨੂੰ ਫਲਾਇੰਗ ਅਫ਼ਸਰ ਵਜੋਂ ਕਮਿਸ਼ਨ ਮਿਲਣ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਸੂਬਾ ਸਰਕਾਰ ਦੇ ਹਥਿਆਰਬੰਦ ਸੈਨਾਵਾਂ ਵਿੱਚ ਹੋਰ ਲੜਕੀਆਂ ਨੂੰ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨ ਦੇ ਯਤਨਾਂ ਨੂੰ ਹੋਰ ਪ੍ਰਫੁਲਿੱਤ ਕਰੇਗੀ।

# ਸ਼ਿਮਲਾ 'ਚ ਚੰਡੀਗੜ੍ਹ ਦੇ ਵਕੀਲ ਦਾ ਕਤਲ,ਪੰਚਕੂਲਾ ਤੋਂ ਫਰਾਰ ਚਚੇਰਾ ਭਰਾ ਗ੍ਰਿਫ਼ਤਾਰ

**ਸ਼ਿਮਲਾ** - ਸ਼ਿਮਲਾ ਦੇ ਢਾਲੀ ਵਿੱਚ ਇੱਕ ਹੋਟਲ ਦੇ ਕਮਰੇ ਵਿੱਚ ਚਚੇਰੇ ਭਰਾ ਦੇ ਕਤਲ ਦੇ ਮਾਮਲੇ ਵਿੱਚ, ਪੁਲਿਸ ਨੇ ਮੁੱਖ ਦੋਸ਼ੀ ਅਰਜੁਨ ਸ਼ਰਮਾ ਨੂੰ ਪੰਚਕੂਲਾ, ਹਰਿਆਣਾ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਮ੍ਰਿਤਕ ਆਕਾਸ਼ ਸ਼ਰਮਾ, ਜੋ ਕਿ ਸੈਕਟਰ-10, ਹਾਊਸ ਨੰਬਰ 35, ਮੇਨ ਮਾਰਕੀਟ, ਪੰਚਕੂਲਾ ਦਾ ਰਹਿਣ ਵਾਲਾ ਸੀ, ਦਾ 13 ਜੂਨ ਨੂੰ ਕਤਲ ਕਰ ਦਿੱਤਾ ਗਿਆ ਸੀ।

ਸ਼ਿਮਲਾ ਪੁਲਿਸ ਨੇ ਅਰਜੁਨ ਸ਼ਰਮਾ ਦਾ ਪਤਾ ਲਗਾਉਣ ਲਈ ਤਕਨੀਕੀ ਨਿਗਰਾਨੀ, ਮਨੁੱਖੀ ਖੁਫੀਆ ਜਾਣਕਾਰੀ ਅਤੇ ਕਈ ਪੁਲਿਸ ਟੀਮਾਂ ਦੇ ਸਾਂਝੇ ਯਤਨਾਂ ਦੀ ਵਰਤੋਂ ਕੀਤੀ। ਇਨ੍ਹਾਂ ਯਤਨਾਂ ਦੇ ਆਧਾਰ 'ਤੇ, ਅਰਜੁਨ ਸ਼ਰਮਾ ਨੂੰ 14 ਜੂਨ ਦੀ ਸਵੇਰ ਪੰਚਕੂਲਾ (ਹਰਿਆਣਾ) ਦੇ ਬਾਹਰਵਾਰ ਤੋਂ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ ਗਿਆ। ਐਸਪੀ ਸ਼ਿਮਲਾ ਗੌਰਵ ਸਿੰਘ ਨੇ ਇਸ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਮਾਮਲੇ ਵਿੱਚ ਅੱਗੇ ਦੀ ਕਾਨੂੰਨੀ ਕਾਰਵਾਈ ਜਾਰੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਮ੍ਰਿਤਕ ਆਕਾਸ਼ ਸ਼ਰਮਾ ਅਤੇ ਦੋਸ਼ੀ ਅਰਜੁਨ ਸ਼ਰਮਾ 11 ਜੂਨ ਨੂੰ ਰਾਤ ਲਗਭਗ 8:22 ਵਜੇ ਧਾਲੀ ਸੁਰੰਗ ਨੇੜੇ ਸਥਿਤ ਹੋਟਲ ਪਹੁੰਚੇ। ਦੋਸ਼ੀ ਅਰਜੁਨ ਆਪਣੇ ਪਿਤਾ ਨਾਲ ਪੰਚਕੂਲਾ ਵਿੱਚ ਸਬਜ਼ੀਆਂ ਦਾ ਕਾਰੋਬਾਰ ਕਰਦਾ ਹੈ।

ਪੁਲਿਸ ਵੱਲੋਂ ਕੀਤੀ ਗਈ ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ 13 ਜੂਨ ਨੂੰ ਦੋਵਾਂ ਚਚੇਰੇ ਭਰਾਵਾਂ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ। ਝਗੜਾ ਇੰਨਾ ਵੱਧ ਗਿਆ ਕਿ ਗੁੱਸੇ ਵਿੱਚ ਅਰਜੁਨ ਨੇ ਕਥਿਤ ਤੌਰ 'ਤੇ ਪਹਿਲਾਂ ਆਕਾਸ਼ ਸ਼ਰਮਾ ਦੇ ਸਿਰ 'ਤੇ ਬੀਅਰ ਦੀ ਬੋਤਲ ਨਾਲ ਵਾਰ ਕੀਤਾ। ਇਸ ਤੋਂ ਬਾਅਦ ਉਸਨੇ ਆਕਾਸ਼ ਦਾ ਗਲਾ ਸ਼ੀਸ਼ੇ ਨਾਲ ਵੱਢ ਦਿੱਤਾ, ਜਿਸ ਕਾਰਨ ਉਸਦੀ ਮੌਤ ਹੋ ਗਈ। ਐਸਪੀ ਸ਼ਿਮਲਾ ਗੌਰਵ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਦੇ ਆਧਾਰ 'ਤੇ ਪੁਲਿਸ ਨੇ ਦੋਸ਼ੀ ਅਰਜੁਨ ਸ਼ਰਮਾ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਹੁਣ ਅੱਗੇ ਦੀ ਜਾਂਚ ਜਾਰੀ ਹੈ।

# ਅੰਮ੍ਰਿਤਪਾਲ ਸਿੰਘ ਮਹਿਰੋਂ ਖਿਲਾਫ਼ ਲੁੱਕ-ਆਊਟ ਨੋਟਿਸ

**ਬਠਿੰਡਾ।** ਅਸ਼ਲੀਲ ਕੰਟੈਂਟ ਨੂੰ ਲੈ ਕੇ ਸੋਸ਼ਲ ਮੀਡੀਆ ਇੰਫਲੂੈਂਸਰ ਕਮਲ ਕੌਰ ਭਾਬੀ ਦੇ ਕਤਲ ਮਾਮਲੇ ਵਿੱਚ ਬਠਿੰਡਾ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ। ਪੁਲਿਸ ਨੇ ਕਤਲ ਦੇ ਮਾਸਟਰਮਾਈਂਡ ਅੰਮ੍ਰਿਤਪਾਲ ਸਿੰਘ ਮਹਿਰੋਂ ਖਿਲਾਫ਼ ਲੁੱਕ-ਆਊਟ ਨੋਟਿਸ ਜਾਰੀ ਕੀਤਾ ਹੈ। ਦੱਸ ਦਈਏ ਕਿ ਇਸਤੋਂ ਪਹਿਲਾਂ ਪੁਲਿਸ ਨੇ ਕਤਲ ਮਾਮਲੇ ਵਿੱਚ ਮਹਿਰੋਂ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਦਕਿ ਉਹ ਖੁਦ ਫ਼ਰਾਰ ਚੱਲਿਆ ਆ ਰਿਹਾ ਹੈ।

ਕੌਣ ਹੈ ਅੰਮ੍ਰਿਤਪਾਲ ਸਿੰਘ ਮਹਿਰੋਂ, ਪਹਿਲਾਂ ਵੀ ਵਿਵਾਦਾਂ ਨਾਲ ਰਿਹਾ ਹੈ ਰਿਸ਼ਤਾ ?

ਇੱਕ ਕੱਟੜਪੰਥੀ ਸਿੱਖ ਆਗੂ, ਅੰਮ੍ਰਿਤਪਾਲ ਸਿੰਘ ਮਹਿਰੋਂ (ਲਗਭਗ 30 ਸਾਲ) ਦਾ ਇੱਕ ਵਿਵਾਦਪੂਰਨ ਅਤੀਤ ਹੈ। ਉਸ ਵਿਰੁੱਧ ਹਿੰਸਾ ਨਾਲ ਸਬੰਧਤ ਕਈ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚ ਇੱਕ ਕਤਲ ਦੀ ਕੋਸ਼ਿਸ਼ ਦਾ ਮਾਮਲਾ ਵੀ ਸ਼ਾਮਲ ਹੈ। ਪੁਲਿਸ ਦੇ ਅਨੁਸਾਰ, ਉਹ ਸੋਸ਼ਲ ਮੀਡੀਆ ਪ੍ਰਭਾਵਕ ਕੰਚਨ ਕੁਮਾਰੀ (ਜੋ 'ਕਮਲ ਕੌਰ ਭਾਬੀ' ਵਜੋਂ ਮਸ਼ਹੂਰ ਸੀ) ਦੇ ਕਤਲ ਦਾ ਮੁੱਖ ਸਾਜ਼ਿਸ਼ਕਰਤਾ ਹੈ।

ਮਹਿਰੋਂ 'ਕੌਮ ਦੇ ਰਾਖੇ' ਨਾਮਕ ਇੱਕ ਸਵੈ-ਸ਼ੈਲੀ ਵਾਲੇ ਕੱਟੜਪੰਥੀ ਸੰਗਠਨ ਦੀ ਅਗਵਾਈ ਕਰਦਾ ਹੈ। 2020 ਵਿੱਚ, ਉਸ 'ਤੇ ਅਤੇ ਕੁਝ ਹੋਰਾਂ 'ਤੇ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਨੇੜੇ ਵਿਰਾਸਤੀ ਮਾਰਗ 'ਤੇ ਲੋਕ-ਨਾਚ ਮੂਰਤੀਆਂ ਨੂੰ ਨੁਕਸਾਨ ਪਹੁੰਚਾਉਣ ਦਾ ਮਾਮਲਾ ਦਰਜ ਕੀਤਾ ਗਿਆ ਸੀ।

ਪੁਲਿਸ ਦਾ ਕਹਿਣਾ ਹੈ ਕਿ ਪਿਛਲੇ ਸਾਲ ਉਸਨੇ ਬਰਨਾਲਾ ਵਿੱਚ ਇੱਕ ਸੰਗੀਤ ਨਿਰਮਾਤਾ ਨੂੰ ਵੀ ਇਸੇ ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਸਨ।

ਕੀ ਹੈ ਮਹਿਰੋਂ ਦਾ ਪੇਸ਼ਾ ?

ਉਹ ਪੇਸ਼ੇ ਤੋਂ ਇੱਕ ਡੀਜ਼ਲ ਮਕੈਨਿਕ ਹੈ ਅਤੇ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਮਹਿਰੋਂ ਪਿੰਡ ਦਾ ਰਹਿਣ ਵਾਲਾ ਹੈ। 2022 ਵਿੱਚ, ਉਸਨੇ ਤਰਨਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਉਮੀਦਵਾਰ ਵਜੋਂ ਵਿਧਾਨ ਸਭਾ ਚੋਣਾਂ ਲੜੀਆਂ ਸਨ ਪਰ ਹਾਰ ਗਿਆ ਸੀ। ਉਸੇ ਸਾਲ, ਉਸ ਵਿਰੁੱਧ ਸੋਸ਼ਲ ਮੀਡੀਆ 'ਤੇ ਹਥਿਆਰ ਲਹਿਰਾਉਣ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਰੁੱਧ ਧਮਕੀ ਭਰੇ ਬਿਆਨ ਦੇਣ ਦੇ ਦੋਸ਼ ਵਿੱਚ ਇੱਕ ਹੋਰ ਮਾਮਲਾ ਦਰਜ ਕੀਤਾ ਗਿਆ ਸੀ।

ਕੌਣ ਸੀ ਕਮਲ ਕੌਰ ਭਾਬੀ ਉਰਫ਼ ਕੰਚਨ ਕੁਮਾਰੀ ?

ਕਮਲ ਕੌਰ ਭਾਬੀ ਉਰਫ਼ ਕੰਚਨ ਕੁਮਾਰੀ ਪਿਛਲੇ 7 ਸਾਲਾਂ ਤੋਂ ਸੋਸ਼ਲ ਮੀਡੀਆ 'ਤੇ ਐਕਟਿਵ ਸੀ ਪਰ ਲਗਭਗ 3 ਸਾਲਾਂ ਤੋਂ ਕੰਚਨ ਸੋਸ਼ਲ ਮੀਡੀਆ ਇਨਫਲੂਐਂਸਰ ਕਮਲ ਕੌਰ ਭਾਬੀ ਵਜੋਂ ਜਾਣੀ ਜਾਂਦੀ ਸੀ। ਉਹ ਪਿਛਲੇ 3 ਸਾਲਾਂ ਤੋਂ ਸੋਸ਼ਲ ਮੀਡੀਆ 'ਤੇ ਵਿਵਾਦਪੂਰਨ ਅਤੇ ਅਸ਼ਲੀਲ ਰੀਲਾਂ ਬਣਾ ਕੇ ਪੋਸਟ ਕਰ ਰਹੀ ਸੀ। ਅੱਤਵਾਦੀ ਅਰਸ਼ ਡੱਲਾ ਨੇ 7 ਮਹੀਨੇ ਪਹਿਲਾਂ ਅਸ਼ਲੀਲ ਸਮੱਗਰੀ ਨੂੰ ਲੈ ਕੇ ਉਸਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਸੀ।

ਕੰਚਨ ਪਹਿਲਾਂ ਇੱਕ ਨਿੱਜੀ ਬੈਂਕ ਵਿੱਚ ਕੰਮ ਕਰਦੀ ਸੀ। ਉਸਨੇ ਕੋਰੋਨਾ ਦੇ ਸਮੇਂ ਦੌਰਾਨ ਨੌਕਰੀ ਛੱਡ ਦਿੱਤੀ ਸੀ। ਹਾਲਾਂਕਿ, ਨੌਕਰੀ ਛੱਡਣ ਦਾ ਕਾਰਨ ਸਾਹਮਣੇ ਨਹੀਂ ਆਇਆ ਸੀ। ਉਸਨੂੰ ਲਗਜ਼ਰੀ ਜ਼ਿੰਦਗੀ ਦੀ ਸ਼ੌਕੀਨ ਸੀ। ਉਹ ਮਹਿੰਗੇ ਸੂਟ ਪਹਿਨਦੀ ਸੀ।

# ਤਰੁਣ ਚੁੱਘ ਤੇ ਭਾਜਪਾ ਆਗੂਆਂ ਨੂੰ ਪੰਜਾਬ ਦੀ ਜ਼ਮੀਨੀ ਹਕੀਕਤ ਦੀ ਰਤਾ ਵੀ ਸਮਝ ਨਹੀਂ, ਉਹ ਸਿਰਫ਼ ਇੱਥੇ ਤਣਾਅ ਪੈਦਾ ਕਰਨਾ ਚਾਹੁੰਦੇ ਹਨ: ਦੀਪਕ ਬਾਲੀ

**ਚੰਡੀਗੜ੍ਹ**

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਜਨਰਲ ਸਕੱਤਰ ਦੀਪਕ ਬਾਲੀ ਨੇ ਭਾਜਪਾ ਨੇਤਾ ਤਰੁਣ ਚੁੱਘ ਦੇ ਪੰਜਾਬ ਦੀ ਲੈਂਡ ਪੂਲਿੰਗ ਨੀਤੀ ਬਾਰੇ ਗੁੰਮਰਾਹਕੁੰਨ ਬਿਆਨਾਂ ਦੀ ਸਖ਼ਤ ਆਲੋਚਨਾ ਕੀਤੀ। ਬਾਲੀ ਨੇ ਚੁੱਘ ਦੇ ਬੇਬੁਨਿਆਦ ਦੋਸ਼ਾਂ, ਇਹ ਨੀਤੀ ਕਿਸਾਨਾਂ ਨੂੰ ਧੋਖਾ ਦੇਣ ਅਤੇ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਸੀ 'ਤੇ ਹੈਰਾਨੀ ਪ੍ਰਗਟ ਕੀਤੀ ਬਾਲੀ ਨੇ ਕਿਹਾ, "ਇੱਕ ਅਜਿਹੇ ਵਿਅਕਤੀ ਤੋਂ ਅਜਿਹੀਆਂ ਟਿੱਪਣੀਆਂ ਸੁਣਨਾ ਹੈਰਾਨੀਜਨਕ ਹੈ ਜਿਸ ਨੂੰ ਪੰਜਾਬ ਦੀਆਂ ਸਮਾਜਿਕ-ਆਰਥਿਕ ਅਤੇ ਰਾਜਨੀਤਿਕ ਹਕੀਕਤਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਜੇਕਰ ਉਨ੍ਹਾਂ ਕੋਲ ਤੱਥਾਂ ਦੀ ਘਾਟ ਹੈ ਤਾਂ ਉਨ੍ਹਾਂ ਨੂੰ ਘੱਟੋ-ਘੱਟ ਚੁੱਪ ਰਹਿਣਾ ਚਾਹੀਦਾ ਹੈ। ਪੰਜਾਬ ਦੀ ਲੈਂਡ ਪੂਲਿੰਗ ਨੀਤੀ ਦੇਸ਼ ਦੀਆਂ ਸਭ ਤੋਂ ਵੱਧ ਕਿਸਾਨ-ਪੱਖੀ ਯੋਜਨਾਵਾਂ ਵਿੱਚੋਂ ਇੱਕ ਹੈ, ਜੋ ਕਿਸਾਨਾਂ ਨੂੰ ਸਸ਼ਕਤ ਬਣਾਉਣ ਲਈ ਬਣਾਈ ਗਈ ਹੈ।" ਨੀਤੀ ਦੇ ਫ਼ਾਇਦਿਆਂ ਬਾਰੇ ਦੱਸਦੇ ਹੋਏ ਬਾਲੀ ਨੇ ਕਿਹਾ, "ਪਹਿਲਾਂ, ਬਿਲਡਰ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਭਾਜਪਾ ਨਾਲ ਜੁੜੇ ਹੋਏ ਸਨ, ਕਿਸਾਨਾਂ ਦੀਆਂ ਜ਼ਮੀਨਾਂ ਘੱਟ ਕੀਮਤਾਂ 'ਤੇ ਹਾਸਲ ਕਰਦੇ ਸਨ ਅਤੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਦਰਾਂ 'ਤੇ ਵੇਚਦੇ ਸਨ। 'ਆਪ' ਸਰਕਾਰ ਨੇ ਇਸ ਸ਼ੋਸ਼ਣ ਨੂੰ ਖ਼ਤਮ ਕਰ ਦਿੱਤਾ ਹੈ। ਇਸ ਪਾਰਦਰਸ਼ੀ ਅਤੇ ਸਵੈ-ਇੱਛਤ ਨੀਤੀ ਰਾਹੀਂ, ਕਿਸਾਨਾਂ ਨੂੰ ਵਿਕਾਸ ਪ੍ਰੋਜੈਕਟਾਂ ਵਿੱਚ ਹਿੱਸੇਦਾਰਾਂ ਵਜੋਂ ਹਿੱਸਾ ਲੈਣ ਦਾ ਵਿਕਲਪ ਦਿੱਤਾ ਗਿਆ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਉਨ੍ਹਾਂ ਨੂੰ ਮੁਨਾਫ਼ੇ ਦਾ ਹਿੱਸਾ ਅਤੇ ਉਨ੍ਹਾਂ ਦੀਆਂ ਜ਼ਮੀਨਾਂ 'ਤੇ ਕਾਫ਼ੀ ਜ਼ਿਆਦਾ ਰਿਟਰਨ ਮਿਲੇ।" ਬਾਲੀ ਨੇ ਕਿਹਾ ਕਿ ਨੀਤੀ ਦਾ ਉਦੇਸ਼ ਕਿਸਾਨਾਂ ਅਤੇ ਸ਼ਹਿਰੀ ਨਿਵਾਸੀਆਂ ਦੋਵਾਂ ਨੂੰ ਉੱਚਾ ਚੁੱਕਣਾ ਹੈ। ਸਰਕਾਰ ਸੜਕਾਂ, ਬਿਜਲੀ, ਪਾਣੀ ਅਤੇ ਸੀਵਰੇਜ ਪ੍ਰਣਾਲੀਆਂ ਸਮੇਤ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਪੂਰੀ ਜ਼ਿੰਮੇਵਾਰੀ ਲੈਂਦੀ ਹੈ। ਕਿਸਾਨਾਂ ਨੂੰ ਵਿਕਸਤ ਜ਼ਮੀਨ ਦਾ ਇੱਕ ਹਿੱਸਾ ਮਿਲਦਾ ਹੈ ਜੋ ਉਨ੍ਹਾਂ ਦੀ ਅਸਲ ਜਾਇਦਾਦ ਨਾਲੋਂ ਕਾਫ਼ੀ ਜ਼ਿਆਦਾ ਕੀਮਤੀ ਹੈ। ਬਾਲੀ ਨੇ ਚੁੱਘ ਵੱਲੋਂ ਜਨਤਾ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਦੀ ਨਿੰਦਾ ਕਰਦੇ ਹੋਏ ਕਿਹਾ, "ਅਜਿਹੀ ਪ੍ਰਗਤੀਸ਼ੀਲ ਨੀਤੀ ਬਾਰੇ ਗ਼ਲਤ ਜਾਣਕਾਰੀ ਫੈਲਾਉਣਾ ਸਿਰਫ ਭਾਜਪਾ ਦੇ ਪੰਜਾਬ ਵਿੱਚ ਭੰਬਲਭੂਸਾ ਪੈਦਾ ਕਰਨ ਅਤੇ ਵਿਕਾਸ ਵਿੱਚ ਰੁਕਾਵਟ ਪਾਉਣ ਦੇ ਉਨ੍ਹਾਂ ਦੇ ਏਜੰਡੇ ਨੂੰ ਉਜਾਗਰ ਕਰਦਾ ਹੈ। ਉਹ ਪੰਜਾਬ ਸਰਕਾਰ ਅਤੇ ਕਿਸਾਨਾਂ ਵਿਚਕਾਰ ਤਣਾਅ ਪੈਦਾ ਕਰਨਾ ਚਾਹੁੰਦੇ ਹਨ ਪਰ ਉਹ ਸਫਲ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਬੇਬੁਨਿਆਦ ਬਿਆਨਬਾਜ਼ੀ ਦੀ ਬਜਾਏ, ਵਿਰੋਧੀ ਨੇਤਾਵਾਂ ਨੂੰ ਕਿਸਾਨਾਂ ਨੂੰ ਲਾਭ ਪਹੁੰਚਾਉਣ ਅਤੇ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਾਲੀਆਂ ਪਹਿਲਕਦਮੀਆਂ ਦਾ ਸਮਰਥਨ ਕਰਨਾ ਚਾਹੀਦਾ ਹੈ।'

# ਪੇਜ਼ ਇੱਕ ਦਾ ਬਾਕੀ

1 ਕਰੋੜ ....

19-171 ਦੇ ਹਾਦਸੇ ਦੀ ਜਾਂਚ ਲਈ ਇੱਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ। ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਕਿਹਾ ਹੈ ਕਿ ਕਮੇਟੀ ਹਾਦਸੇ ਦੇ ਪਿੱਛੇ ਦੇ ਕਾਰਨਾਂ ਦਾ ਪਤਾ ਲਗਾਏਗੀ ਅਤੇ ਜਾਂਚ ਕਰੇਗੀ ਕਿ ਕੀ ਗਲਤ ਹੋਇਆ। ਕਮੇਟੀ ਮੌਜੂਦਾ ਸੁਰੱਖਿਆ ਨਿਯਮਾਂ ਦੀ ਵੀ ਸਮੀਖਿਆ ਕਰੇਗੀ ਅਤੇ ਭਵਿੱਖ ਵਿੱਚ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਨਵੇਂ ਤਰੀਕੇ ਸੁਝਾਏਗੀ। ਕਮੇਟੀ ਵੱਖ-ਵੱਖ ਏਜੰਸੀਆਂ ਦੁਆਰਾ ਕੀਤੀਆਂ ਜਾ ਰਹੀਆਂ ਹੋਰ ਜਾਂਚਾਂ ਦੀ ਥਾਂ ਨਹੀਂ ਲਵੇਗੀ, ਸਗੋਂ ਨੀਤੀਆਂ ਅਤੇ ਸੁਰੱਖਿਆ ਦਿਸ਼ਾ-ਨਿਰਦੇਸ਼ਾਂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰੇਗੀ। ਇਸ ਉੱਚ ਪੱਧਰੀ ਟੀਮ ਦੀ ਅਗਵਾਈ ਕੇਂਦਰੀ ਗ੍ਰਹਿ ਸਕੱਤਰ ਕਰਨਗੇ।

27 ਸਾਲ....

ਅਤੇ ਸਟੀਵ ਸਮਿਥ ਅਤੇ ਵੈਬਸਟਰ ਦੀ (ਬਾਕੀ 2 ਤੇ) ਮਦਦ ਨਾਲ 212 ਦੌੜਾਂ ਬਣਾਈਆਂ। ਸਮਿਥ ਨੇ ਕੁੱਲ 66 ਦੌੜਾਂ ਬਣਾਈਆਂ, ਜਦੋਂ ਕਿ ਵੈਬਸਟਰ ਨੇ 72 ਦੌੜਾਂ ਬਣਾਈਆਂ। ਰਬਾਡਾ ਨੇ ਆਸਟ?ਰੇਲੀਆ ਵਿਰੁੱਧ ਪਹਿਲੀ ਪਾਰੀ ਵਿੱਚ ਸ਼ਾਨਦਾਰ ਗੇਂਦਬਾਜ਼ੀ ਕੀਤੀ ਅਤੇ ਕੁੱਲ 5 ਵਿਕਟਾਂ ਲਈਆਂ। ਉਸਨੇ ਖਵਾਜਾ, ਕੈਮਰਨ ਗ੍ਰੀਨ, ਵੈਬਸਟਰ, ਪੈਟ ਕਮਿੰਸ ਅਤੇ ਮਿਸ਼ੇਲ ਸਟਾਰਕ ਨੂੰ ਆਊਟ ਕੀਤਾ।

ਖਰਾਬ ਰਹੀ ਸੀ ਦੱਖਣੀ ਅਫ਼ਰੀਕਾ ਦੀ ਮੈਚ ਦੀ ਸ਼ੁਰੂਆਤ

ਦੱਖਣੀ ਅਫਰੀਕਾ ਦੀ ਬੱਲੇਬਾਜ਼ੀ ਪਹਿਲੀ ਪਾਰੀ ਵਿੱਚ ਮਾੜੀ ਰਹੀ। ਉਨ੍ਹਾਂ ਦੀ ਪਾਰੀ 138 ਦੌੜਾਂ ਤੱਕ ਸੀਮਤ ਰਹੀ, ਜਿਸ ਵਿੱਚ ਬੇਡਿੰਘਮ ਨੇ ਸਭ ਤੋਂ ਵੱਧ 45 ਦੌੜਾਂ ਦੀ ਪਾਰੀ ਖੇਡੀ। ਆਸਟ?ਰੇਲੀਆ ਲਈ ਦੂਜੀ ਪਾਰੀ ਵਿੱਚ ਪੈਟ ਕਮਿੰਸ ਨੇ ਧਮਾਕੇਦਾਰ ਗੇਂਦਬਾਜ਼ੀ ਕੀਤੀ ਅਤੇ ਕੁੱਲ 6 ਵਿਕਟਾਂ ਲਈਆਂ। ਇਸ ਤੋਂ ਇਲਾਵਾ ਮਿਸ਼ੇਲ ਸਟਾਰਕ ਨੇ 2 ਅਤੇ ਜੋਸ਼ ਹੇਜ਼ਲਵੁੱਡ ਨੇ ਵੀ ਇੱਕ ਵਿਕਟ ਲਈ। ਹੁਣ ਤੱਕ ਦੱਖਣੀ ਅਫਰੀਕਾ ਦੀ ਟੀਮ 74 ਦੌੜਾਂ ਨਾਲ ਪਿੱਛੇ ਸੀ।

ਦੂਜੀ ਪਾਰੀ 'ਚ ਆਸਟ?ਰੇਲੀਆ ਦੀ ਖਰਾਬ ਬੱਲੇਬਾਜ਼ੀ

ਜਦੋਂ ਆਸਟ?ਰੇਲੀਆ ਦੀ ਟੀਮ ਦੂਜੀ ਪਾਰੀ ਵਿੱਚ ਆਊਟ ਹੋਈ ਤਾਂ ਉਨ੍ਹਾਂ ਨੇ 207 ਦੌੜਾਂ ਬਣਾਈਆਂ ਅਤੇ ਦੱਖਣੀ ਅਫਰੀਕਾ ਦੇ ਸਾਹਮਣੇ 282 ਦੌੜਾਂ ਦਾ ਟੀਚਾ ਰੱਖਿਆ। ਇਸ ਪਾਰੀ ਵਿੱਚ ਆਸਟ?ਰੇਲੀਆ ਲਈ ਸਿਰਫ਼ ਮਿਸ਼ੇਲ ਸਟਾਰਕ ਹੀ 50 ਦੌੜਾਂ ਤੋਂ ਵੱਧ ਦੌੜਾਂ ਬਣਾ ਸਕਿਆ। ਇਸ ਤੋਂ ਇਲਾਵਾ ਸਾਰੀ ਬੱਲੇਬਾਜ਼ੀ ਵੀ ਮਾੜੀ ਰਹੀ। ਸਟੀਵ ਸਮਿਥ ਨੇ 13, ਟ?ਰੈਵਿਸ ਹੈੱਡ ਨੇ 9 ਅਤੇ ਐਲੇਕਸ ਕੈਰੀ ਨੇ 43 ਦੌੜਾਂ ਬਣਾਈਆਂ। ਦੱਖਣੀ ਅਫਰੀਕਾ ਲਈ ਰਬਾਡਾ ਨੇ 4 ਵਿਕਟਾਂ ਅਤੇ ਐਨਗਿਡੀ ਨੇ 3 ਵਿਕਟਾਂ ਲਈਆਂ।

ਮਾਰਕਰਮ-ਬਾਵੁਮਾ ਦੇ ਦਮ 'ਤੇ ਦੱਖਣੀ ਅਫਰੀਕਾ ਜਿੱਤਿਆ

ਦੱਖਣੀ ਅਫਰੀਕਾ ਨੇ 282 ਦੌੜਾਂ ਦੇ ਟੀਚੇ ਦਾ ਪਿੱਛਾ ਕੀਤਾ ਅਤੇ ਚੌਥੇ ਦਿਨ ਹੀ ਜਿੱਤ ਪ੍ਰਾਪਤ ਕਰ ਲਈ। ਦੱਖਣੀ ਅਫਰੀਕਾ ਨੇ ਏਡੇਨ ਮਾਰਕ੍ਰਮ ਅਤੇ ਟੇਂਬਾ ਬਾਵੁਮਾ ਦੀ ਸ਼ਾਨਦਾਰ ਬੱਲੇਬਾਜ਼ੀ ਦੇ ਆਧਾਰ 'ਤੇ ਇਹ ਸਕੋਰ ਆਸਾਨੀ ਨਾਲ ਹਾਸਲ ਕਰ ਲਿਆ। ਤੀਜੇ ਦਿਨ ਦੇ ਅੰਤ ਤੱਕ, ਦੱਖਣੀ ਅਫਰੀਕਾ ਨੂੰ ਜਿੱਤ ਲਈ 69 ਦੌੜਾਂ ਦੀ ਲੋੜ ਸੀ। ਚੌਥੇ ਦਿਨ ਦੀ ਖੇਡ ਸ਼ੁਰੂ ਹੋਣ ਤੋਂ ਸਿਰਫ਼ 2 ਘੰਟੇ ਬਾਅਦ ਟੀਮ ਜਿੱਤ ਗਈ। ਮਾਰਕ੍ਰਮ ਨੇ 207 ਗੇਂਦਾਂ ਵਿੱਚ 136 ਦੌੜਾਂ ਦਾ ਸੈਂਕੜਾ ਲਗਾਇਆ, ਜਦੋਂ ਕਿ ਬਾਵੁਮਾ ਨੇ 66 ਦੌੜਾਂ ਬਣਾਈਆਂ।

ਗੁਰੂ ਨਗਰੀ....

ਜ਼ਿਲ੍ਹਾ ਅੰਮ੍ਰਿਤਸਰ 'ਚ ਦੋ ਔਰਤਾਂ ਕੋਰੋਨਾ ਪਾਜ਼ੀਟਿਵ ਪਾਈਆਂ ਗਈਆਂ ਹਨ। ਜਿਸ ਤੋਂ ਬਾਅਦ ਦੋਹਾਂ ਮਰੀਜ਼ਾਂ ਨੂੰ ਸਿਹਤ ਵਿਭਾਗ ਵੱਲੋਂ ਆਈਸੋਲੇਟ ਕੀਤਾ ਗਿਆ ਹੈ। ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ ਨੇ ਪੁਸ਼ਟੀ ਕੀਤੀ ਗਈ ਹੈ।

ਖੈਰ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਸਲਾਹ ਵਿੱਚ ਕਿਹਾ ਗਿਆ ਹੈ ਕਿ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਮਾਸਕ ਪਹਿਨਣਾ ਲਾਜ਼ਮੀ ਕੀਤਾ ਜਾਵੇ ਤਾਂ ਜੋ ਇਨਫੈਕਸ਼ਨ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਲੋਕਾਂ ਨੂੰ ਨਿੱਜੀ ਸਫਾਈ ਬਣਾਈ ਰੱਖਣ ਦੀ ਵੀ ਅਪੀਲ ਕੀਤੀ ਗਈ ਹੈ।

ਦੂਜੇ ਪਾਸੇ ਜੇਕਰ ਕਿਸੇ ਨੂੰ ਖੰਘ ਜਾਂ ਬੁਖਾਰ ਵਰਗੀਆਂ ਸ਼ਿਕਾਇਤਾਂ ਹਨ, ਤਾਂ ਉਸਨੂੰ ਆਈਸੋਲੇਸ਼ਨ ਵਿੱਚ ਰਹਿਣਾ ਚਾਹੀਦਾ ਹੈ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ ਅਤੇ ਦੂਜਿਆਂ ਦੇ ਸੰਪਰਕ ਤੋਂ ਬਚਣਾ ਚਾਹੀਦਾ ਹੈ।

ਸਿੱਧੂ ਬੋਲ....

ਲੱਗਿਆ। ਦੱਸ ਦਈਏ ਕਿ ਇਸ ਤੋਂ ਪਹਿਲਾਂ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਵੀ ਆਪਣੀ ਬਿਮਾਰੀ ਤੋਂ ਠੀਕ ਹੋਣ ਤੋਂ ਬਾਅਦ ਰਾਜਨੀਤੀ 'ਚ ਵਾਪਸੀ ਦੀ ਗੱਲ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਉਹ ਵਿਧਾਨਸਭਾ ਚੋਣਾਂ ਲੜਨਗੇ ਤੇ ਜਿੱਤਣਗੇ।

ਨਵਜੋਤ ਸਿੰਘ ਸਿੱਧੂ ਦੀ ਕਪਿਲ ਦੇ ਸ਼ੋਅ 'ਚ ਵਾਪਸੀ

ਨਵਜੋਤ ਸਿੰਘ ਸਿੱਧੂ ਕਪਿਲ ਸ਼ਰਮਾ ਦੇ ਸ਼ੋਅ ਵਿੱਚ ਵਾਪਸੀ ਕਰ ਰਹੇ ਹਨ। ਉਹ ਨੈੱਟਫਲਿਕਸ ਤੇ ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ ਦੇ ਤੀਜੇ ਸੀਜ਼ਨ ਵਿੱਚ ਨਜ਼ਰ ਆਉਣਗੇ, ਜਿਸ ਦਾ ਪ੍ਰੋਮੋ ਵੀ ਜਾਰੀ ਕੀਤਾ ਗਿਆ ਹੈ। ਖਾਸ ਗੱਲ ਇਹ ਹੈ ਕਿ ਉਹ ਅਰਚਨਾ ਪੂਰਨ ਸਿੰਘ ਦੀ ਕੁਰਸੀ ਨਹੀਂ ਜਾਵੇਗੀ। ਇਸਦਾ ਮਤਲਬ ਹੈ ਕਿ ਪਹਿਲੀ ਵਾਰ ਕਪਿਲ ਦੇ ਸ਼ੋਅ ਵਿੱਚ ਇੱਕ ਨਹੀਂ ਸਗੋਂ ਦੋ ਜੱਜ ਹੋਣਗੇ।

ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ ਦੇ ਪ੍ਰੋਮੋ ਵਿੱਚ ਦਿਖਾਇਆ ਗਿਆ ਹੈ ਕਿ ਕਪਿਲ ਸ਼ਰਮਾ ਜੱਜ ਅਰਚਨਾ ਪੂਰਨ ਸਿੰਘ ਦੀਆਂ ਅੱਖਾਂ ਤੇ ਪੱਟੀ ਬੰਨ੍ਹਦੇ ਹਨ ਤੇ ਉਨ੍ਹਾਂ ਨੂੰ ਕਿਤੇ ਲੈ ਜਾਂਦਾ ਹੈ ਤੇ ਉਨ੍ਹਾਂ ਨੂੰ ਦੱਸਦੇ ਹਨ ਕਿ ਇੱਕ ਵੱਡਾ ਸਰਪ੍ਰਾਈਜ਼ ਮਿਲਣ ਵਾਲਾ ਹੈ। ਉਹ ਅੰਦਾਜ਼ਾ ਲਗਾਉਂਦੇ ਹਨ ਕਿ ਉਨ੍ਹਾਂ ਨੂੰ ਕਾਰ ਮਿਲੇਗੀ, ਘਰ ਮਿਲੇਗਾ ਜਾਂ ਕੁਝ ਹੋਰ ਪਰ ਜਿਵੇਂ ਹੀ ਕਪਿਲ ਅੱਖਾਂ ਤੋਂ ਪੱਟੀ ਹਟਾਉਂਦੇ ਹਨ ਅਤੇ ਉਹ ਨਵਜੋਤ ਸਿੰਘ ਸਿੱਧੂ ਨੂੰ ਆਪਣੇ ਸਾਹਮਣੇ ਦੇਖਦੇ ਹਨ।

ਇਜ਼ਰਾਈਲ ਹਮਲੇ ....

ਮਿਜ਼ਾਈਲਾਂ ਨੂੰ ਰੋਕ ਦਿੱਤਾ ਗਿਆ ਹੈ, ਜਦੋਂ ਕਿ ਕਈ ਥਾਵਾਂ 'ਤੇ ਨੁਕਸਾਨ ਦੀਆਂ ਰਿਪੋਰਟਾਂ ਹਨ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਜ਼ਰਾਈਲ ਦਾ ਉਦੇਸ਼ ਕਿਸੇ ਵੀ ਈਰਾਨੀ ਖ਼ਤਰੇ ਨੂੰ ਖਤਮ ਕਰਨਾ ਸੀ। ਉਨ੍ਹਾਂ ਨੇ ਈਰਾਨ ਦੇ ਲੋਕਾਂ ਨੂੰ ਸ਼ਾਸਨ ਵਿਰੁੱਧ ਬਗਾਵਤ ਕਰਨ ਦਾ ਸੱਦਾ ਵੀ ਦਿੱਤਾ। ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਸਰਗਰਮੀ ਨਾਲ ਤਹਿਰਾਨ ਵਿੱਚ ਸ਼ਾਸਨ ਤਬਦੀਲੀ ਦੀ ਮੰਗ ਨਹੀਂ ਕਰ ਰਿਹਾ ਹੈ, ਪਰ ਜੇਕਰ ਉੱਥੇ ਸੱਤਾ ਵਿੱਚ ਤਬਦੀਲੀ ਹੁੰਦੀ ਹੈ, ਤਾਂ ਅਸੀਂ ਇਸਦਾ ਸਵਾਗਤ ਕਰਾਂਗੇ।

ਕੁਰਕਸ਼ੇਤਰ 'ਚ ਵਾਪਰੀ ....

ਕਾਰੋਬਾਰੀ ਝਗੜੇ ਦਾ ਜਾਪਦਾ ਹੈ। ਪੁਲਿਸ ਨੇ ਅਣਪਛਾਤੇ ਹਮਲਾਵਰਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ ਅਤੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਕਾਤਲਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਸਿਕੰਦਰ ਸਿੰਘ ...

ਘਰ ਵਾਪਸੀ ਵੀ ਹੋ ਚੁੱਕੀ ਹੈ।

# ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ 'ਚ 6ਵੀਂ ਜਮਾਤ ਦੇ ਦਾਖ਼ਲੇ ਲਈ ਆਨਲਾਈਨ ਫਾਰਮ ਭਰਨ ਦੀ ਪ੍ਰਕਿਰਿਆ ਸ਼ੁਰੂ

**ਜਲੰਧਰ:** ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ 6ਵੀਂ ਜਮਾਤ ਲਈ ਸਾਲ 2026-27 ਦੀ ਚੋਣ ਪ੍ਰੀਖਿਆ 13 ਦਸੰਬਰ 2025 ਨੂੰ ਜ਼ਿਲ੍ਹੇ ਦੇ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਹੋਣੀ ਹੈ, ਜਿਸ ਦੇ ਲਈ ਚਾਹਵਾਨ ਅਤੇ ਯੋਗ ਉਮੀਦਵਾਰਾਂ ਤੋਂ ਬਿਨੈ-ਪੱਤਰ ਆਨਲਾਈਨ ਮੰਗੇ ਗਏ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਿਨੈ ਕਰਨ ਦੀ ਆਖ਼ਰੀ ਮਿਤੀ 29 ਜੁਲਾਈ 2025 ਹੈ ਅਤੇ ਪ੍ਰਾਸਪੈਕਟ ਵਿਦਿਆਲਿਆ ਦੀ ਵੈੱਬਸਾਈਟ https://navodaya.gov.in/nvs/nvss-chool/JALANDHAR/en/home 'ਤੇ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਚਾਹਵਾਨ ਵਿਦਿਆਰਥੀ ਆਪਣੀ ਮੁਫ਼ਤ ਰਜਿਸਟ?ਰੇਸ਼ਨ ਪੋਰਟਲ https://navodaya.gov.in Áå¶ https://cbseitms.rcil.gov.in/nvs 'ਤੇ ਕਰ ਸਕਦੇ ਹਨ।ਡਾ. ਅਗਰਵਾਲ ਨੇ ਦੱਸਿਆ ਕਿ ਪ੍ਰੀਖਿਆ ਲਈ ਕੇਵਲ ਓਹੀ ਵਿਦਿਆਰਥੀ ਯੋਗ ਹੋਣਗੇ, ਜੋ ਜ਼ਿਲ੍ਹਾ ਜਲੰਧਰ ਦੇ ਸਥਾਈ ਨਿਵਾਸੀ ਹਨ। ਵਿਦਿਆਰਥੀ ਨੂੰ ਆਪਣੇ ਨਵੇਂ ਫੋਟੋ, ਹਸਤਾਖ਼ਰ, ਮਾਤਾ/ਪਿਤਾ ਦੇ ਹਸਤਾਖ਼ਰ ਅਤੇ ਆਧਾਰ ਕਾਰਡ ਦਾ ਵੇਰਵਾ/ਰਿਹਾਇਸ਼ੀ ਪ੍ਰਮਾਣ ਪੱਤਰ ਜੇ.ਪੀ.ਜੀ. ਫਾਰਮੈਟ, ਜਿਸ ਦਾ ਆਕਾਰ 10 ਤੋਂ 100 ਕੇਬੀ ਤੋਂ ਵੱਧ ਨਾ ਹੋਵੇ, ਤਿਆਰ ਕਰਕੇ ਪੋਰਟਲ 'ਤੇ ਅਪਲੋਡ ਕਰਨਾ ਹੋਵੇਗਾ। ਉਨ੍ਹਾਂ ਦੱਸਿਆ ਕਿ ਵਿਦਿਆਰਥੀ ਮੌਜੂਦਾ ਸਮੇਂ (2025-26) ਵਿੱਚ 5ਵੀਂ ਕਲਾਸ ਵਿੱਚ ਜ਼ਿਲ੍ਹਾ ਜਲੰਧਰ ਵਿੱਚ ਪੜ੍ਹ ਰਿਹਾ ਹੋਵੇ ਅਤੇ ਜ਼ਿਲ੍ਹੇ ਦਾ ਸਥਾਈ ਨਿਵਾਸੀ ਹੋਵੇ। ਉਸਨੇ ਪਿਛਲੇ ਸਾਲਾਂ ਵਿੱਚ ਤੀਜੀ ਕਲਾਸ (2023-24) ਅਤੇ ਚੌਥੀ (2024-25) ਲਗਾਤਾਰ ਪੂਰੀ ਤਰ੍ਹਾਂ ਵਿੱਦਿਅਕ ਪੱਧਰ ਵਿੱਚ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲ/ਨੈਸ਼ਨਲ ਓਪਨ ਸਕੂਲਿੰਗ ਜਾਂ ਸਰਵ ਸਿੱਖਿਆ ਅਭਿਆਨ ਤਹਿਤ ਪਾਸ ਕੀਤੀ ਹੋਵੇ। ਉਨ੍ਹਾਂ ਦੱਸਿਆ ਕਿ ਜਿਸ ਵਿਦਿਆਰਥੀ ਨੇ ਪਹਿਲਾਂ ਇਹ ਪ੍ਰੀਖਿਆ ਦਿੱਤੀ ਹੈ, ਉਹ ਪ੍ਰੀਖਿਆ ਵਿੱਚ ਦੂਜੀ ਵਾਰੀ ਬੈਠਣਯੋਗ ਨਹੀਂ ਹੋਵੇਗਾ। ਵਿਦਿਆਰਥੀ ਦਾ ਜਨਮ 01.05.2014 ਤੋਂ 31.07.2016 (ਦੋਵੇਂ ਮਿਤੀਆਂ ਸ਼ਾਮਲ) ਦਰਮਿਆਨ ਹੋਇਆ ਹੋਵੇ। ਜੇਕਰ ਕਿਸੇ ਬਿਨੇਕਾਰ ਨੂੰ ਦਾਖ਼ਲਾ ਫਾਰਮ ਭਰਨ 'ਚ ਮੁਸ਼ਕਲ ਆਉਂਦੀ ਹੈ ਤਾਂ ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ (ਜਲੰਧਰ) ਨਾਲ ਟੈਲੀਫੋਨ ਨੰਬਰ 79739-04878, 74048-16420, 88472-61859 'ਤੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਕਿਸੇ ਵੀ ਕੰਮ ਵਾਲੇ ਦਿਨ ਸੰਪਰਕ ਕੀਤਾ ਜਾ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਇਸ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ, ਕਿਉਂਕਿ ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਜਿੱਥੇ ਆਧੁਨਿਕ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ, ਉੱਥੇ ਇਥੇ ਹੋਸਟਲ ਦੀ ਸਹੂਲਤ ਉਪਲਬਧ ਹੈ।

# ਭਾਜਪਾ ਆਗੂਆਂ ਨੂੰ ਕਿਸਾਨਾਂ 'ਤੇ ਬੋਲਣ ਦਾ ਕੋਈ ਹੱਕ ਨਹੀਂ, ਮੋਦੀ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਨੇ 750 ਕਿਸਾਨਾਂ ਦੀ ਲੈ ਲਈ ਜਾਨ - ਤਰੁਣਪ੍ਰੀਤ ਸੌਂਧ

## ਭਾਜਪਾ ਅਤੇ ਅਕਾਲੀ ਆਗੂਆਂ ਨੇ ਪੰਜਾਬ ਵਿੱਚ ਭੂ-ਮਾਫ਼ੀਆ ਚਲਾਇਆ, ਹਜ਼ਾਰਾਂ ਗੈਰ-ਕਾਨੂੰਨੀ ਕਲੋਨੀਆਂ ਵਿਕਸਤ ਕਰਕੇ ਵਿੱਤੀ ਲਾਭ ਕਮਾਏ - ਸੌਂਧ

**ਲੁਧਿਆਣਾ** - ਆਮ ਆਦਮੀ ਪਾਰਟੀ ਨੇ ਲੁਧਿਆਣਾ ਵਿੱਚ ਅਰਬਨ ਇਸਟੇਟ ਬਣਾਉਣ ਲਈ 'ਆਪ' ਸਰਕਾਰ ਦੀ ਲੈਂਡ ਪੂਲਿੰਗ ਸਕੀਮ 'ਤੇ ਭਾਜਪਾ ਆਗੂਆਂ ਦੇ ਬਿਆਨਾਂ ਦਾ ਸਖ਼ਤ ਵਿਰੋਧ ਕੀਤਾ ਅਤੇ ਪੰਜਾਬ ਭਾਜਪਾ ਆਗੂਆਂ 'ਤੇ ਭੂ-ਮਾਫੀਆ ਨਾਲ ਮਿਲੀਭੁਗਤ ਦਾ ਦੋਸ਼ ਲਗਾਇਆ।




ਇਸ ਮੁੱਦੇ 'ਤੇ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਅਤੇ ਪਾਰਟੀ ਬੁਲਾਰੇ ਨੀਲ ਗਰਗ ਦੇ ਨਾਲ ਲੁਧਿਆਣਾ ਵਿੱਚ ਇੱਕ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦੇ ਹੋਏ, 'ਆਪ' ਸਰਕਾਰ ਦੇ ਮੰਤਰੀ ਤਰੁਣ ਪ੍ਰੀਤ ਸਿੰਘ ਸੌਂਧ ਨੇ ਕਿਹਾ ਕਿ ਭਾਜਪਾ ਆਗੂਆਂ ਕੋਲ ਕਿਸਾਨਾਂ 'ਤੇ ਬੋਲਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਬਚਿਆ ਹੈ। ਕਿਸਾਨਾਂ ਦਾ ਨਾਂ ਲੈਣ ਤੋਂ ਪਹਿਲਾਂ, ਉਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਮੋਦੀ ਸਰਕਾਰ ਦੇ ਕਾਲੇ ਖੇਤੀਬਾੜੀ ਕਾਨੂੰਨਾਂ ਨੇ ਪੰਜਾਬ ਅਤੇ ਹੋਰ ਰਾਜਾਂ ਦੇ ਲਗਭਗ 750 ਕਿਸਾਨਾਂ ਦੀਆਂ ਜਾਨਾਂ ਲੈ ਲਈਆਂ ਪਰ ਉਨ੍ਹਾਂ ਮੌਤਾਂ 'ਤੇ ਪ੍ਰਧਾਨ ਮੰਤਰੀ ਮੋਦੀ ਦੇ ਮੂੰਹੋਂ ਹਮਦਰਦੀ ਦਾ ਇੱਕ ਵੀ ਸ਼ਬਦ ਨਹੀਂ ਨਿਕਲਿਆ। ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਭਾਜਪਾ ਆਗੂ ਕਿਸ ਹਿੰਮਤ ਨਾਲ ਕਿਸਾਨਾਂ ਦਾ ਨਾਂ ਲੈ ਰਹੇ ਹਨ!

ਸੌਂਧ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇਸ਼ ਦੀਆਂ ਜਨਤਕ ਜਾਇਦਾਦਾਂ ਨੂੰ ਲਗਾਤਾਰ ਵੇਚ ਰਹੀ ਹੈ ਅਤੇ ਮਨਮਾਨੇ ਢੰਗ ਨਾਲ ਉਨ੍ਹਾਂ ਨੂੰ ਆਪਣੇ ਕੁਝ ਖ਼ਾਸ ਕਾਰਪੋਰੇਟ ਦੋਸਤਾਂ ਨੂੰ ਸੌਂਪ ਰਹੀ ਹੈ। ਮੋਦੀ ਸਰਕਾਰ ਨੇ ਰੇਲਵੇ, ਐਲਆਈਸੀ, ਬੰਦਰਗਾਹਾਂ, ਹਵਾਈ ਅੱਡਿਆਂ ਸਮੇਤ ਕਈ ਜਨਤਕ ਜਾਇਦਾਦਾਂ ਆਪਣੇ ਉਦਯੋਗਪਤੀ ਦੋਸਤਾਂ ਨੂੰ ਦੇ ਦਿੱਤੀਆਂ। ਜਦੋਂ ਕਿ ਆਮ ਸਰਕਾਰ ਪੰਜਾਬ ਦੇ ਆਮ ਲੋਕਾਂ ਅਤੇ ਗ਼ਰੀਬਾਂ ਲਈ ਕੰਮ ਕਰ ਰਹੀ ਹੈ। ਸਾਡੀ ਸਰਕਾਰ ਲੋਕਾਂ ਨੂੰ ਮੁਫ਼ਤ ਬਿਜਲੀ, ਮੁਫ਼ਤ ਸਿੱਖਿਆ ਅਤੇ ਮੁਫ਼ਤ ਡਾਕਟਰੀ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਅੱਜ ਤੱਕ ਆਪ ਸਰਕਾਰ ਨੇ ਅਜਿਹੀ ਕੋਈ ਯੋਜਨਾ ਨਹੀਂ ਬਣਾਈ ਜਿਸ ਨਾਲ ਆਮ ਲੋਕਾਂ ਅਤੇ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇ।

ਉਨ੍ਹਾਂ ਕਿਹਾ ਕਿ ਭਾਜਪਾ ਅਤੇ ਅਕਾਲੀ ਆਗੂਆਂ ਨੇ ਆਪਣੀ ਸਰਕਾਰ ਦੌਰਾਨ ਅਤੇ ਉਸ ਤੋਂ ਬਾਅਦ ਵੀ ਪੰਜਾਬ ਭਰ ਵਿੱਚ ਇੱਕ ਵੱਡਾ ਭੂ-ਮਾਫੀਆ ਚਲਾਇਆ। ਮਾਫੀਆ ਨਾਲ ਮਿਲੀਭੁਗਤ ਕਰਕੇ, ਉਨ੍ਹਾਂ ਨੇ ਹਜ਼ਾਰਾਂ ਗੈਰ-ਕਾਨੂੰਨੀ ਕਲੋਨੀਆਂ ਵਿਕਸਤ ਕੀਤੀਆਂ ਅਤੇ ਆਪਣੀਆਂ ਜੇਬਾਂ ਭਰੀਆਂ। ਇਸ ਦੇ ਨਾਲ ਹੀ, ਲੱਖਾਂ ਆਮ ਲੋਕਾਂ ਦੇ ਪੈਸੇ ਫਸ ਗਏ, ਉਨ੍ਹਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਅਤੇ ਬਿਜਲੀ, ਪਾਣੀ, ਸੜਕਾਂ, ਸੀਵਰ ਆਦਿ ਵਰਗੀਆਂ ਕਈ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰਹਿਣਾ ਪਿਆ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੀ ਲੈਂਡ ਪੂਲਿੰਗ ਸਕੀਮ ਕਾਰਨ ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆ ਰਹੀ। ਇਹ ਸਿਰਫ਼ ਭਾਜਪਾ ਅਤੇ ਅਕਾਲੀ ਆਗੂਆਂ ਲਈ ਮੁਸ਼ਕਲਾਂ ਪੈਦਾ ਕਰ ਰਿਹਾ ਹੈ ਕਿਉਂਕਿ ਇਸ ਦੇ ਲਾਗੂ ਹੋਣ ਤੋਂ ਬਾਅਦ, ਲੁਧਿਆਣਾ ਵਿੱਚੋਂ ਭੂ-ਮਾਫੀਆ ਖ਼ਤਮ ਹੋ ਜਾਵੇਗਾ, ਜਿਸ ਕਾਰਨ ਇਹ ਆਗੂ ਨਿੱਜੀ ਵਿੱਤੀ ਲਾਭ ਪ੍ਰਾਪਤ ਨਹੀਂ ਕਰ ਸਕਣਗੇ। ਉਨ੍ਹਾਂ ਦੀ ਸਮੱਸਿਆ ਕਿਸਾਨਾਂ ਦੀ ਨਹੀਂ ਹੈ, ਇਹ ਲੋਕ ਭੂ-ਮਾਫੀਆ ਨੂੰ ਬਚਾਉਣ ਲਈ ਹੰਗਾਮਾ ਕਰ ਰਹੇ ਹਨ।

ਮੰਤਰੀ ਸੌਂਧ ਨੇ ਸਪੱਸ਼ਟ ਕੀਤਾ ਕਿ ਇਹ ਲੈਂਡ ਪੂਲਿੰਗ ਸਕੀਮ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਕਿਸਾਨ-ਪੱਖੀ ਹੈ। ਕਿਸੇ ਵੀ ਕਿਸਾਨ ਤੋਂ ਉਸਦੀ ਸਹਿਮਤੀ ਤੋਂ ਬਿਨਾਂ ਇੱਕ ਇੰਚ ਵੀ ਜ਼ਮੀਨ ਨਹੀਂ ਲਈ ਜਾਵੇਗੀ। ਜੇਕਰ ਕੋਈ ਕਿਸਾਨ ਜ਼ਮੀਨ ਨਹੀਂ ਦੇਣਾ ਚਾਹੁੰਦਾ, ਤਾਂ ਉਹ ਪਹਿਲਾਂ ਵਾਂਗ ਇਸ 'ਤੇ ਖੇਤੀ ਜਾਰੀ ਰੱਖ ਸਕਦਾ ਹੈ। ਜੇਕਰ ਉਹ ਜ਼ਮੀਨ ਦਿੰਦਾ ਹੈ, ਤਾਂ ਸਰਕਾਰ ਪ੍ਰਤੀ ਏਕੜ 1000 ਗਜ਼ ਰਿਹਾਇਸ਼ੀ ਅਤੇ 200 ਗਜ਼ ਵਪਾਰਕ ਪਲਾਟ ਵਿਕਸਤ ਕਰੇਗੀ, ਜਿੱਥੇ ਬਿਜਲੀ, ਪਾਣੀ, ਸੜਕਾਂ, ਸੀਵਰੇਜ, ਖੇਡ ਦੇ ਮੈਦਾਨ, ਪਾਰਕ, ??ਸਟਰੀਟ ਲਾਈਟਾਂ ਆਦਿ ਵਰਗੀਆਂ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਵੇਗਾ। ਜੇਕਰ ਕਿਸਾਨ ਚਾਹੇ ਤਾਂ ਉਹ 500 ਗਜ਼ ਦੇ ਦੋ ਰਿਹਾਇਸ਼ੀ ਪਲਾਟ ਵੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਨਾਲ ਵੀ ਧੱਕਾ ਨਹੀਂ ਕੀਤਾ ਜਾਵੇਗਾ। ਜ਼ਮੀਨ ਦੇਣੀ ਹੈ ਜਾਂ ਨਹੀਂ, ਇਹ ਪੂਰੀ ਤਰ੍ਹਾਂ ਕਿਸਾਨਾਂ ਦੀ ਇੱਛਾ 'ਤੇ ਨਿਰਭਰ ਕਰਦਾ ਹੈ। ਇਸ ਤੋਂ ਇਲਾਵਾ, ਕਿਸਾਨਾਂ ਨੂੰ ਜ਼ਮੀਨ ਦੇਣ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਇਰਾਦਾ ਪੱਤਰ (*®9) ਦਿੱਤਾ ਜਾਵੇਗਾ, ਤਾਂ ਜੋ ਉਹ ਆਪਣੀ ਮਰਜ਼ੀ ਅਨੁਸਾਰ ਉਸ ਜ਼ਮੀਨ 'ਤੇ ਇਮਾਰਤ ਬਣਾ ਸਕਣ, ਇਸ ਨੂੰ ਕਿਰਾਏ 'ਤੇ ਦੇ ਸਕਣ ਜਾਂ ਲੋੜ ਪੈਣ 'ਤੇ ਵੇਚ ਵੀ ਸਕਣ। ਇਹ ਪੂਰੀ ਤਰ੍ਹਾਂ ਕਿਸਾਨ-ਪੱਖੀ ਯੋਜਨਾ ਹੈ। ਵਿਰੋਧੀ ਧਿਰ ਦੇ ਆਗੂ ਕਿਸਾਨਾਂ ਨੂੰ ਗੁੰਮਰਾਹ ਕਰਨ ਅਤੇ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨ ਲਈ ਅਜਿਹੇ ਝੂਠੇ ਦੋਸ਼ ਲਗਾ ਰਹੇ ਹਨ।

# ਪੰਜਾਬ ਦਾ ਮਾਣ: ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਛੇ ਕੈਡਿਟ ਭਾਰਤੀ ਫੌਜ ਅਤੇ ਹਵਾਈ ਸੈਨਾ ਵਿੱਚ ਕਮਿਸ਼ਨਡ ਅਫ਼ਸਰ ਬਣੇ



**ਚੰਡੀਗੜ੍ਹ** - ਪੰਜਾਬ ਦਾ ਮਾਣ ਵਧਾਉਂਦਿਆਂ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਮੋਹਾਲੀ ਦੇ ਛੇ ਸਾਬਕਾ ਕੈਡਿਟ ਅੱਜ ਭਾਰਤੀ ਫੌਜ ਅਤੇ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨਡ ਅਫ਼ਸਰ ਬਣ ਗਏ ਹਨ।

ਇਸ ਇੰਸਟੀਚਿਊਟ ਦੇ ਤਿੰਨ ਕੈਡਿਟਾਂ- ਮੋਹਾਲੀ ਤੋਂ ਗੌਰਵ ਸਿੰਘ, ਬਠਿੰਡਾ ਤੋਂ ਨਿਖਿਲ ਬਾਂਸਲ ਅਤੇ ਹੁਸ਼ਿਆਰਪੁਰ ਤੋਂ ਸਮਯ ਸੈਣੀ- ਨੂੰ ਇੰਡੀਅਨ ਮਿਲਟਰੀ ਅਕੈਡਮੀ (ਆਈ.ਐਮ.ਏ.), ਦੇਹਰਾਦੂਨ ਵਿਖੇ 156ਵੇਂ ਰੈਗੂਲਰ ਕੋਰਸ ਦੇ ਹਿੱਸੇ ਵਜੋਂ ਭਾਰਤੀ ਫੌਜ ਵਿੱਚ ਕਮਿਸ਼ਨ ਮਿਲਿਆ ਹੈ। ਇਸ ਮੌਕੇ ਪਾਸਿੰਗ ਆਊਟ ਪਰੇਡ ਦਾ ਨਿਰੀਖਣ ਸ੍ਰੀਲੰਕਾ ਆਰਮੀ ਕਮਾਂਡਰ ਅਤੇ ਆਈ.ਐਮ.ਏ. ਦੇ ਪਾਸਆਊਟ ਲੈਫਟੀਨੈਂਟ ਜਨਰਲ ਬੀ.ਕੇ.ਜੀ.ਐਮ. ਲਾਸੰਥਾ ਰੌਡਰਿਗੋ ਵੱਲੋਂ ਕੀਤਾ ਗਿਆ।

ਇਨ੍ਹਾਂ ਤੋਂ ਇਲਾਵਾ ਇਸ ਇੰਸਟੀਚਿਊਟ ਦੇ ਤਿੰਨ ਹੋਰ ਕੈਡਿਟਾਂ- ਬਠਿੰਡਾ ਤੋਂ ਯਸ਼ ਨੈਲਵਾਲ, ਮੋਹਾਲੀ ਤੋਂ ਕਨਿਸ਼ਕ ਚੌਹਾਨ ਅਤੇ ਰੋਪੜ ਤੋਂ ਅਭਿਨਵ ਮਿਸ਼ਰਾ- ਨੂੰ ਹੈਦਰਾਬਾਦ ਦੇ ਡੁੰਡੀਗਲ ਸਥਿਤ ਏਅਰ ਫੋਰਸ ਅਕੈਡਮੀ (ਏ.ਐਫ.ਏ.) ਵਿਖੇ 215ਵੇਂ ਕੋਰਸ ਦੀ ਕੰਬਾਈਨਡ ਪਾਸਿੰਗ ਆਊਟ ਪਰੇਡ ਦੌਰਾਨ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨ ਮਿਲਿਆ ਹੈ। ਇਸ ਪਰੇਡ ਦਾ ਨਿਰੀਖਣ ਚੀਫ ਆਫ ਆਰਮੀ ਸਟਾਫ ਜਨਰਲ ਉਪੇਂਦਰ ਦਿਵੇਦੀ, ਪੀ.ਵੀ.ਐਸ.ਐਮ., ਏ.ਵੀ.ਐਸ.ਐਮ., ਵੱਲੋਂ ਕੀਤਾ ਗਿਆ।

ਨਵੇਂ ਕਮਿਸ਼ਨਡ ਅਧਿਕਾਰੀਆਂ ਨੂੰ ਹਾਰਦਿਕ ਵਧਾਈ ਦਿੰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਉਨ੍ਹਾਂ ਨੂੰ ਆਪਣੇ ਫਰਜ਼ ਲਈ ਜੀਅ-ਜਾਨ ਲਗਾ ਦੇਣ ਅਤੇ ਪੰਜਾਬ ਤੇ ਦੇਸ਼ ਦਾ ਮਾਣ ਵਧਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਦੇ ਹਥਿਆਰਬੰਦ ਸੈਨਾਵਾਂ ਵਿੱਚ ਕਮਿਸ਼ਨਡ ਅਫਸਰ ਵਜੋਂ ਕਰੀਅਰ ਬਣਾਉਣ ਸਬੰਧੀ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ।



ਇਸ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐੱਚ. ਚੌਹਾਨ, ਵੀ.ਐਸ.ਐਮ. (ਸੇਵਾਮੁਕਤ) ਨੇ ਕੈਡਿਟਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਰੱਖਿਆ ਸੇਵਾਵਾਂ ਦੇ ਆਦਰਸ਼ਾਂ 'ਤੇ ਖਰਾ ਉਤਰਨ, ਦੇਸ਼, ਸੂਬੇ ਅਤੇ ਇੰਸਟੀਚਿਊਟ ਦਾ ਮਾਣ ਵਧਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਛੇ ਕੈਡਿਟਾਂ ਦੀ ਨਿਯੁਕਤੀ ਨਾਲ ਹੁਣ ਤੱਕ ਕੁੱਲ 178 ਕੈਡਿਟ ਹਥਿਆਰਬੰਦ ਸੈਨਾਵਾਂ ਵਿੱਚ ਕਮਿਸ਼ਨਡ ਅਫਸਰ ਬਣੇ ਹਨ। ਉਨ੍ਹਾਂ ਦੱਸਿਆ ਕਿ 15 ਕੈਡਿਟਾਂ ਨੂੰ ਵੱਖ-ਵੱਖ ਸਿਖਲਾਈ ਅਕੈਡਮੀਆਂ ਲਈ ਜੁਆਇਨਿੰਗ ਲੈਟਰ ਮਿਲ ਚੁੱਕੇ ਹਨ, ਜਦੋਂਕਿ 11 ਹੋਰ ਕੈਡਿਟ ਆਪਣੇ ਜੁਆਇਨਿੰਗ ਲੈਟਰਾਂ ਦੀ ਉਡੀਕ ਕਰ ਰਹੇ ਹਨ।

# ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ 23 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ

**ਜਲੰਧਰ (ਕਪਿਲ ਖੰਨਾ)**



ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਅੱਜ ਹਲਕਾ ਜਲੰਧਰ ਪੱਛਮੀ ਦੇ ਵਾਰਡ ਨੰ. 41 'ਚ ਨਕੋਦਰ ਰੋਡ ਦਿਓਲ ਨਗਰ ਤੋਂ ਏਕਤਾ ਗੈਸ ਏਜੰਸੀ ਤੱਕ 23 ਲੱਖ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਸੜਕ ਦਾ ਨੀਂਹ ਪੱਥਰ ਰੱਖਣ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਅਤੇ ਹੋਰ ਆਉਣ-ਜਾਣ ਵਾਲਿਆਂ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਿਕਾਸ ਲਈ ਦਿਨ-ਰਾਤ ਇਕ ਕਰਕੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੂਰੇ ਸੂਬੇ ਵਾਂਗ ਜਲੰਧਰ ਵਿੱਚ ਵੀ ਕਿਸੇ ਵਿਕਾਸ ਕੰਮ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਸ਼ਰੀ ਭਗਤ ਨੇ ਕਿਹਾ ਕਿ ਜਲੰਧਰ ਦਾ ਵਿਕਾਸ ਉਨ੍ਹਾਂ ਦੀ ਤਰਜੀਹ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਜਲੰਧਰ ਵਿੱਚ ਅਜਿਹੀਆਂ ਹੋਰ ਵਿਕਾਸ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੜਕਾਂ, ਜਲ ਸਪਲਾਈ, ਸਟ?ਰੀਟ ਲਾਈਟਾਂ, ਸੀਵਰੇਜ ਆਦਿ ਸਮੇਤ ਸੂਬੇ ਦੇ ਲੋਕਾਂ ਨੂੰ ਉੱਚ ਦਰਜੇ ਦੀਆਂ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਸੜਕ ਦਾ ਕੰਮ ਨਿਰਧਾਰਿਤ ਸਮੇਂ ਦੇ ਅੰਦਰ ਅਤੇ ਤੈਅ ਮਾਪਦੰਡਾਂ ਅਨੁਸਾਰ ਨੇਪਰੇ ਚਾੜ੍ਹਨ ਦੀ ਹਦਾਇਤ ਕਰਦਿਆਂ ਕਿਹਾ ਕਿ ਸੜਕ ਦੀ ਗੁਣਵੱਤਾ ਨਾਲ ਕਿਸੇ ਕਿਸਮ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਨਿਰਮਾਣ ਕਾਰਜਾਂ ਦੀ ਵਿਅਕਤੀਗਤ ਨਿਗਰਾਨੀ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਸੜਕ ਦੇ ਕੰਮ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।ਸ ਮੌਕੇ ਕੌਂਸਲਰ ਸ਼ਬਨਮ ਦੁੱਗਲ, ਅਯੂਬ ਦੁੱਗਲ, ਬਲਾਕ ਪ੍ਰਧਾਨ ਅਮਿਤ ਸੁਮਨ, ਬੂਥ ਪ੍ਰਧਾਨ ਗੁਲਜ਼ਾਰੀ ਲਾਲ ਕੌਲ, ਸਿਧਾਰਥ, ਵਿੱਕੀ, ਰਵੀ ਸੁਮਨ, ਮਿੰਟੂ ਸੁਮਨ, ਕੁਲਵੰਤ ਰਾਏ, ਅਨਿਲ ਕੁਮਾਰ ਮਿਨੀਆ ਅਤੇ ਕਈ ਹੋਰ ਪਤਵੰਤੇ ਵੀ ਮੌਜੂਦ ਸਨ।

# ਪਾਰਕ ਸਫਾਈ ਉਪਰੰਤ ਅੱਜ ਮਿਊਂਸਪਲ ਪਬਲਿਕ ਪਾਰਕ ਵਿਖੇ ਲਗਾਈ ਜਾਏਗੀ ਠੰਡੇ ਮਿੱਠੇ ਜਲ ਦੀ ਛਬੀਲ

**ਐਸ ਬੀਐਸ ਨਗਰ /ਜਗਦੀਸ਼ ਲਾਲ ਕਲਸੀ**



ਸਥਾਨਕ ਮਿਊਂਸਪਲ ਪਬਲਿਕ ਪਾਰਕ ਵਿਖੇ ਪਾਰਕ ਮੈਨੇਜਮੈਂਟ ਕਮੇਟੀ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੈਂਬਰਾਂ ਵੱਲੋਂ ਹਰ ਐਤਵਾਰ ਨੂੰ ਹੱਥੀ ਝਾੜੂ ਫੜ ਕੇ ਪਾਰਕ ਸਫਾਈ ਦਾ ਕੰਮ ਸਵੇਰੇ ਪੰਜ ਤੋਂ ਅੱਠ ਵਜੇ ਕੀਤਾ ਜਾਂਦਾ ਹੈ। ਇਸ ਸਫਾਈ ਅਤੇ ਸੇਵਾ ਸੰਭਾਲ ਸਦਕਾ ਇਹ ਪਾਰਕ ਨਵਾਂ ਸ਼ਹਿਰ ਦਾ ਸਭ ਤੋਂ ਰਮਣੀਕ ਅਤੇ ਮਨਮੋਹਕ ਸਥਾਨ ਬਣ ਚੁੱਕਾ ਹੈ ਜਿੱਥੇ ਕਿ ਸਵੇਰੇ ਤੋਂ ਸ਼ਾਮ ਤੱਕ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਆ ਕੇ ਕੁਦਰਤ ਦੇ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ। ਅੱਜ ਐਤਵਾਰ ਨੂੰ ਮੈਂਬਰਾਂ ਵਲੋਂ ਸਫਾਈ ਅਭਿਆਨ ਕਰਨ ਉਪਰੰਤ ਸਵੇਰੇ 10 ਵਜੇ ਤੋਂ ਠੰਡੇ ਮਿੱਠੇ ਜਲ ਦੀ ਛਬੀਲ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਪਾਰਕ ਕਮੇਟੀ ਦੇ ਮੈਂਬਰ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਅਤੇ ਸਮੁੱਚੇ ਸੇਵਾਦਾਰਾਂ ਨੇ ਦੱਸਿਆ ਕਿ ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਇਸ ਪਾਰਕ ਵਿੱਚ ਹੱਥੀਂ ਸੇਵਾ ਸੰਭਾਲ ਕਰਕੇ ਮਨ ਨੂੰ ਸਕੂਨ ਅਤੇ ਸ਼ਾਂਤੀ ਮਿਲਦੀ ਹੈ। ਉਹਨਾਂ ਦੱਸਿਆ ਕਿ ਇਸ ਠੰਡੇ ਮਿੱਠੇ ਜਲ ਦੀ ਛਬੀਲ ਦਾ ਪ੍ਰਬੰਧ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਹਰ ਸਾਲ ਦੀ ਤਰਾਂ ਕੀਤਾ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਇਹ ਸੇਵਾ ਕਰਕੇ ਮਹਾਨ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਯਾਦ ਕੀਤਾ ਜਾਂਦਾ ਹੈ ਅਤੇ ਇਸ ਸੇਵਾ ਨਾਲ ਮਨ ਨਿਰਮਲ ਹੁੰਦਾ ਹੈ ਅਤੇ ਤਨ ਦੀ ਸ਼ੁੱਧੀ ਮਿਲਦੀ ਹੈ। ਇਸ ਮੌਕੇ ਉਹਨਾਂ ਦੇ ਨਾਲ ਜਗਜੀਤ ਸਿੰਘ ਜਨਰਲ ਸਕੱਤਰ, ਗੁਰਚਰਨ ਸਿੰਘ ਪਾਬਲਾ, ਮੁਖਵਿੰਦਰ ਬਾਨ ਸਿੰਘ, ਤਰਲੋਚਨ ਸਿੰਘ ਖਟਕੜ ਕਲਾਂ, ਜਗਦੀਪ ਸਿੰਘ, ਇੰਦਰਜੀਤ ਸਿੰਘ ਬਾਹੜਾ, ਹਕੀਕਤ ਸਿੰਘ, ਰਾਮਪਾਲ ਰਾਏ, ਇੰਦਰਜੀਤ ਸ਼ਰਮਾ, ਪਰਮਿੰਦਰ ਸਿੰਘ ਕੰਵਲ, ਮਨਮੋਹਨ ਸਿੰਘ ਕੰਵਲ, ਬਲਦੀਪ ਸਿੰਘ, ਰਮਨੀਕ ਸਿੰਘ ਅਤੇ ਕਮਲਜੀਤ ਸਿੰਘ ਮੌਜੂਦ ਸਨ।

# ਪੰਜਾਬ ਸਰਕਾਰ ਅਤੇ 'ਆਪ' ਨੇ 'ਇੱਕ ਰਾਸ਼ਟਰ ਇੱਕ ਚੋਣ' ਪ੍ਰਸਤਾਵ 'ਤੇ ਸਖ਼ਤ ਇਤਰਾਜ਼ ਜਤਾਏ: ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

## ਬਿੱਲ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ ਰਚੇ ਗਏ ਭਾਰਤ ਦੇ ਸੰਵਿਧਾਨ ਦੇ ਬੁਨਿਆਦੀ ਢਾਂਚੇ ਅਤੇ ਭਾਵਨਾ 'ਤੇ ਸਿੱਧਾ ਹਮਲਾ ਐਲਾਨਿਆ

**ਚੰਡੀਗੜ੍ਹ** - ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੁਆਰਾ ਪੇਸ਼ ਕੀਤੇ ਗਏ 'ਇੱਕ ਰਾਸ਼ਟਰ ਇੱਕ ਚੋਣ' ਸੋਧ ਬਿੱਲ 'ਤੇ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ (ਆਪ) ਦੇ ਸਖ਼ਤ ਇਤਰਾਜ਼ ਦਰਜ ਕਰਵਾਉਂਦੇ ਹੋਏ, ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ ਤਿਆਰ ਕੀਤੇ ਗਏ ਭਾਰਤ ਦੇ ਸੰਵਿਧਾਨ ਦੇ ਬੁਨਿਆਦੀ ਢਾਂਚੇ ਅਤੇ ਭਾਵਨਾ 'ਤੇ ਸਿੱਧਾ ਹਮਲਾ ਦੱਸਿਆ।

ਸ਼ਰੀ ਪੀ.ਪੀ. ਚੌਧਰੀ ਦੀ ਪ੍ਰਧਾਨਗੀ ਹੇਠ ਗਠਿਤ ਸਾਂਝੀ ਸੰਸਦੀ ਕਮੇਟੀ ਦੁਆਰਾ ਬੁਲਾਈ ਗਈ ਮੀਟਿੰਗ ਵਿੱਚ ਸ਼ਾਮਲ ਹੋਣ ਤੋਂ ਬਾਅਦ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਨ੍ਹਾਂ ਨੇ 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨਾਲ ਮਿਲ ਕੇ ਇਸ ਸੋਧ ਬਿੱਲ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਹੈ। ਵਿੱਤ ਮੰਤਰੀ ਸ. ਚੀਮਾ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਾ ਇਹ ਪ੍ਰਸਤਾਵ ਇੱਕ ਲੁਕਵਾਂ ਏਜੰਡਾ ਹੈ ਜੋ ਭਾਰਤ ਦੇ ਸੰਵਿਧਾਨ ਜਿਸਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਬਹੁਤ ਧਿਆਨ ਨਾਲ ਬਣਾਇਆ, ਵਿੱਚ ਦਰਜ ਰਾਸ਼ਟਰ ਦੇ ਸੰਘੀ ਢਾਂਚੇ ਨੂੰ ਤਬਾਹ ਕਰਨ ਲਈ ਤਿਆਰ ਕੀਤਾ ਗਿਆ ਹੈ।

ਪ੍ਰਸਤਾਵਿਤ ਬਿੱਲ ਦੀਆਂ ਸੋਧਾਂ ਦਾ ਹਵਾਲਾ ਦਿੰਦੇ ਹੋਏ, ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਬਿੱਲ ਵਿੱਚ ਸ਼ਾਮਿਲ ਕੀਤੀਆਂ ਗਈਆਂ ਸੋਧਾਂ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਕਾਰਜਕਾਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੇਂਦਰ ਸਰਕਾਰ ਦੇ ਰਹਿਮੋ-ਕਰਮ ਅਧੀਨ ਕਰ ਦੇਣਗੀਆਂ, ਜੋ




ਕਿ ਸੰਵਿਧਾਨ ਵਿੱਚ ਦਰਜ ਸੰਘੀ ਢਾਂਚੇ ਵਿਰੁੱਧ ਇੱਕ ਚਿੰਤਾਜਨਕ ਪਹੁੰਚ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਕੇਂਦਰ ਸਰਕਾਰ ਦੁਆਰਾ ਧਾਰਾ 356 ਅਤੇ 360 ਦੀ ਦੁਰਵਰਤੋਂ ਨੂੰ ਹੋਰ ਉਤਸ਼ਾਹਿਤ ਕਰੇਗਾ।

ਸੋਧ ਬਿੱਲ ਦੇ ਭਾਗ 2 ਦੇ ਭਾਗ 5 ਦੇ ਅਨੁਸਾਰ, ਜੇਕਰ ਚੋਣ ਕਮਿਸ਼ਨ ਦਾ ਮੰਨਣਾ ਹੈ ਕਿ ਕਿਸੇ ਵੀ ਵਿਧਾਨ ਸਭਾ ਦੀਆਂ ਚੋਣਾਂ ਲੋਕ ਸਭਾ ਦੀਆਂ ਆਮ ਚੋਣਾਂ ਦੇ ਨਾਲ ਨਹੀਂ ਕਰਵਾਈਆਂ ਜਾ ਸਕਦੀਆਂ, ਤਾਂ ਉਹ ਰਾਸ਼ਟਰਪਤੀ ਨੂੰ ਇੱਕ ਆਦੇਸ਼ ਦੁਆਰਾ ਐਲਾਨ ਕਰਨ ਲਈ ਸਿਫਾਰਸ਼ ਕਰ ਸਕਦਾ ਹੈ, ਕਿ ਉਸ ਵਿਧਾਨ ਸਭਾ ਦੀਆਂ ਚੋਣਾਂ ਬਾਅਦ ਦੀ ਮਿਤੀ 'ਤੇ ਕਰਵਾਈਆਂ ਜਾ ਸਕਦੀਆਂ ਹਨ। ਇਸ ਸੋਧ ਦਾ ਹਵਾਲਾ ਦਿੰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਦਾ ਇੱਕ ਰਾਸ਼ਟਰ ਇੱਕ ਚੋਣ ਸੰਕਲਪ ਅੰਤ ਵਿੱਚ ਉਲਟਾ ਪਵੇਗਾ, ਕਿਉਂਕਿ ਇਹ ਕੇਂਦਰ ਸਰਕਾਰ ਨੂੰ ਆਮ ਚੋਣਾਂ ਤੋਂ ਇੱਕ ਜਾਂ ਦੋ ਸਾਲ ਬਾਅਦ ਆਪਣੀ ਸਹੂਲਤ ਅਨੁਸਾਰ ਰਾਜ ਚੋਣਾਂ ਕਰਵਾਉਣ ਦੇ ਯੋਗ ਬਣਾਏਗਾ, ਨਾ ਕਿ ਇਸ ਸੋਧ ਬਿੱਲ ਦੇ ਕੀਤੇ ਜਾ ਰਹੇ ਪ੍ਰਚਾਰ ਅਨੁਸਾਰ ਸਾਰੇ ਦੇਸ਼ ਵਿੱਚ ਇੱਕੋ ਸਮੇਂ ਚੋਣ ਕਰਵਾਉਣ ਨੂੰ।

ਰਾਜਾਂ ਦੇ ਸੰਘੀ ਢਾਂਚੇ ਅਤੇ ਸੰਸਥਾਗਤ ਖੁਦਮੁਖਤਿਆਰੀ ਨੂੰ ਸੁਰੱਖਿਅਤ ਰੱਖਣ ਲਈ ਇੱਕ ਸਾਂਝੇ ਸਟੈਂਡ ਦੀ ਮੰਗ ਕਰਦਿਆਂ, ਸ. ਚੀਮਾ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਇੱਕਪਾਸੜ ਪ੍ਰਸਤਾਵ ਭਾਰਤ ਦੇ ਲੋਕਤੰਤਰੀ ਤਾਣੇ-ਬਾਣੇ ਲਈ ਲੋੜੀਂਦੇ ਸ਼ਕਤੀ ਦੇ ਸੰਤੁਲਨ ਨੂੰ ਅਸਥਿਰ ਕਰਨ ਦਾ ਖਤਰਾ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੁਆਰਾ ਪ੍ਰਸਤਾਵਿਤ ਇੱਕ ਰਾਸ਼ਟਰ ਇੱਕ ਚੋਣ ਬਿੱਲ ਖੇਤਰੀ ਪਾਰਟੀਆਂ ਨੂੰ ਖਤਮ ਕਰਨ ਲਈ ਇੱਕ ਗਿਣੀ-ਮਿਥੀ ਚਾਲ ਹੈ ਜੋ ਵਿਭਿੰਨ ਸਭਿਆਚਾਰਾਂ, ਭਾਸ਼ਾਵਾਂ ਅਤੇ ਖੇਤਰਾਂ ਦੀ ਨੁਮਾਇੰਦਗੀ ਕਰਦਿਆਂ ਭਾਰਤੀ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰਦੀਆਂ ਹਨ।

ਸੰਵਿਧਾਨ ਨੂੰ ਕਾਇਮ ਰੱਖਣ ਲਈ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਦੀ ਅਟੱਲ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਾਜ ਸਰਕਾਰ ਅਤੇ 'ਆਪ' ਕੇਂਦਰੀਕ੍ਰਿਤ ਪਹੁੰਚ ਵਾਲੇ ਇਸ ਸੋਧ ਬਿੱਲ ਤੋਂ ਰਾਜਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਲਿਖਤੀ ਰੂਪ ਵਿੱਚ ਵੀ ਇਸ ਬਿੱਲ ਦਾ ਵਿਰੋਧ ਕਰਨਗੇ।

# ਹਜ਼ਰਤ ਮੀਆਂ ਸਨੈਤ ਵਲੀ ਸਾਹਿਬ ਜੀ ਦਾ ਸਲਾਨਾ ਮੇਲਾ 19 ਜੂਨ ਨੂੰ

## ਮੇਲੇ ਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣ ਲਈ ਚੇਅਰਮੈਨ ਸੁਭਾਸ਼ ਗੋਰੀਆ ਨੂੰ ਦਿੱਤਾ ਸੱਦਾ ਪੱਤਰ

**ਅੰਮ੍ਰਿਤਸਰ** - ਜਲੰਧਰ ਵੈਸਟ ਦੀ ਵਾਰਡ ਨੰਬਰ 54 ਦੇ ਲਸੂੜੀ ਮੁਹੱਲਾ ਬਸਤੀ ਦਾਨਿਸ਼ਮੰਦਾ ਚ ਵਿਖੇ ਦਰਬਾਰ ਹਜ਼ਰਤ ਮੀਆਂ ਸਨੈਤ ਵਲੀ ਜੀ ਦੇ ਅਸਥਾਨ 'ਤੇ 49ਵਾਂ ਸਾਲਾਨਾ ਮੇਲਾ 19 ਜੂਨ 2025 ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਾਈ ਪੱਪੂ ਬਾਬਾ ਅਤੇ ਸਾਈ ਅਸ਼ੋਕ ਬਾਬਾ ਦੀ ਅਗਵਾਈ ਹੇਠ



ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਦਰਬਾਰ ਦੇ ਸੇਵਾਦਾਰ ਮੋਨੂੰ ਭਗਤ ਅਤੇ ਸ਼ਾਹ ਅਲੀ ਨੇ ਦੱਸਿਆ ਕਿ ਮੇਲੇ ਵਿੱਚ ਮਸ਼ਹੂਰ ਗਾਇਕ ਮਾਸਟਰ ਸਲੀਮ,ਗਾਇਕ ਰੈਕੀ ਸਿੰਘ,ਐਂਕਰ ਆਸ਼ੂ ਚੋਪੜਾ,ਕਵਾਲ ਪਰਵੇਜ਼ ਆਲਮ ਵਲੋਂ ਹਾਜ਼ਰੀ ਭਰੀ ਜਾਵੇਗੀ ਅਤੇ ਮੇਲੇ ਦੀ ਰੌਣਕ ਨੂੰ ਵਧਾਉਣਗੇ। ਇਸ ਮੌਕੇ ਸੇਵਾਦਾਰ ਮੋਨੂੰ ਭਗਤ ਅਤੇ ਸ਼ਾਹ ਅਲੀ ਵਲੋਂ ਐਂਟੀ ਕ੍ਰਾਈਮ ਸਮਾਜ ਸੁਰੱਖਿਆ ਸੈਲ ਰਜਿ ਪੰਜਾਬ ਦੇ ਚੇਅਰਮੈਨ ਸੁਭਾਸ਼ ਗੋਰੀਆ ਨੂੰ ਮੁੱਖ ਮਹਿਮਾਨ ਵਜੋਂ ਮੇਲੇ ਚ ਨਤਮਸਤਕ ਹੋਣ ਦਾ ਸੱਦਾ ਪੱਤਰ ਵੀ ਦਿੱਤਾ ਗਿਆ। ਚੇਅਰਮੈਨ ਸੁਭਾਸ਼ ਗੋਰੀਆ ਨੇ ਕਿਹਾ ਕਿ ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਹੈ ਅਜਿਹੇ ਮੇਲੇ ਸਮਾਜ ਵਿਚ ਆਪਸੀ ਭਾਈਚਾਰਕ ਸਾਂਝ ਵਧਾਉਂਦੇ ਰਹਿੰਦੇ ਹਨ।ਇਸ ਮੌਕੇ ਅਮਿਤ ਠਾਕੁਰ,ਸ਼ਿਵ ਭਗਤ,ਸੰਨੀ ਵਿਜ,ਵਿਕਾਸ ਭਗਤ ਸੋਨੁ, ਹਰਸ਼ਿਤ, ਅਨਿਲ ਡਾਲੀਆ,ਹੇਅਰ ਲਹੌਰੀਆ ਆਦਿ ਵੀ ਮਜ਼ੂਦ ਰਹੇ।

# ਫੂਡ ਸੇਫ਼ਟੀ ਟੀਮ ਵੱਲੋਂ ਚੈਕਿੰਗ, ਖਾਣ-ਪੀਣ ਵਾਲੇ ਪਦਾਰਥਾਂ ਦੇ 8 ਸੈਂਪਲ ਭਰੇ

**ਜਲੰਧਰ (ਬਾਠ)** ਖਾਣ-ਪੀਣ ਵਾਲੇ ਪਦਾਰਥਾਂ ਵਿੱਚ ਮਿਲਾਵਟ ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਦੀ ਲੜੀ ਤਹਿਤ ਫੂਡ ਸੇਫ਼ਟੀ ਟੀਮ ਜਲੰਧਰ ਵੱਲੋਂ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨੀਸਟ?ਰੇਸ਼ਨ, ਪੰਜਾਬ ਦਿਲਰਾਜ ਸਿੰਘ ਦੀਆਂ ਹਦਾਇਤਾਂ ਅਨੁਸਾਰ ਖਾਣ-ਪੀਣ ਵਾਲੇ ਪਦਾਰਥਾਂ ਦੇ ਸੈਂਪਲ ਭਰੇ ਗਏ। ਸਹਾਇਕ ਕਮਿਸ਼ਨਰ ਫੂਡ ਡਾ. ਹਰਜੋਤ ਪਾਲ ਸਿੰਘ ਅਤੇ ਫੂਡ ਸੇਫ਼ਟੀ ਅਫ਼ਸਰ ਪ੍ਰਭਜੋਤ ਕੌਰ ਦੀ ਅਗਵਾਈ ਵਾਲੀ ਟੀਮ ਵੱਲੋਂ ਨਕੋਦਰ, ਸ਼ੰਕਰ ਅਤੇ ਜਮਸ਼ੇਰ ਤੋਂ ਗਾਂ ਦਾ ਦੁੱਧ, ਮੱਝ ਦਾ ਦੁੱਧ, ਦੇਸੀ ਘੀ, ਦਹੀਂ, ਸਰ੍ਹੋਂ ਦਾ ਤੇਲ, ਚਾਹ ਪੱਤੀ, ਦਾਲ, ਮਸਾਲੇ ਆਦਿ ਦੇ 8 ਸੈਂਪਲ ਲਏ ਗਏ। ਸਹਾਇਕ ਕਮਿਸ਼ਨਰ ਨੇ ਦੱਸਿਆ ਕਿ ਇਹ ਨਮੂਨੇ ਵਿਸ਼ਲੇਸ਼ਣ ਲਈ ਸਟੇਟ ਫੂਡ ਲੈਬੋਰੇਟਰੀ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਹਿਰਵਾਸੀਆਂ ਨੂੰ ਸੁਰੱਖਿਅਤ, ਸਿਹਤਮੰਦ ਅਤੇ ਸ਼ੁੱਧ ਭੋਜਨ ਪਦਾਰਥ ਮਿਲਣ ਨੂੰ ਯਕੀਨੀ ਬਣਾਉਣ ਲਈ ਜਾਂਚ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰੱਖੀ ਜਾਵੇਗੀ।

# ਹਲਕਾ ਜੰਡਿਆਲਾ ਗੁਰੂ ਨੂੰ ਰਾਖਵਾਂਕਰਨ ਤੋ ਵਾਂਝਾ ਕਰਨ ਦੀ ਪੁਰਜੋਰ ਨਖੇਦੀ - ਸੁਰਜਨ ਸਿੰਘ ਖਾਨਕੋਟ

**ਅੰਮ੍ਰਿਤਸਰ, ਅੰਮ੍ਰਿਤਾ ਭਗਤ**



ਅੱਜ ਇੱਥੇ ਅਖਬਾਰ ਵਿੱਚ ਖਬਰ ਆਈ ਹੈ ਕਿ ਹਲਕਾ ਜੰਡਿਆਲਾ ਗੁਰੂ ਅੰਮ੍ਰਿਤਸਰ ਵਿੱਚੋਂ ਰਾਖਵਾਂਕਰਨ ਬਿੱਲ ਖਤਮ ਕੀਤਾ ਜਾਵੇ ਕਿਉਂ? ਹਲਕਾ ਜੰਡਿਆਲਾ ਗੁਰੂ ਵਿੱਚ ਮਾਣਯੋਗ ਸਰਦਾਰ ਸੁਖਵਿੰਦਰ ਸਿੰਘ ਡੈਨੀ ਸਾਹਬ ਦੀ ਚੜਤ ਵੇਖਕੇ ਹੁਣ ਵਿਰੋਧੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ । 2027 ਦੀਆਂ ਵਿਧਾਨ ਸਭਾ ਚੋਣਾ ਵਿੱਚ ਹਲਕਾ ਜੰਡਿਆਲਾ ਵਿੱਚ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਨਗੇ ਅਤੇ ਪੰਜਾਬ ਦੇ ਮੁੱਖ ਸੇਵਾਦਾਰ ਮੁੱਖ ਮੰਤਰੀ ਬਣਨਗੇ । ਇਹ ਸਭ ਕੁੱਝ ਵੇਖ ਕੇ ਵਿਰੋਧੀਆਂ ਦੇ ਦਿਲਾਂ ਨੂੰ ਘਬਰਾਹਟ ਪੈਦਾ ਹੋ ਰਹੀ ਹੈ । ਆਸੀਂ ਮਾਣਯੋਗ ਸਰਦਾਰ ਸੁਖਵਿੰਦਰ ਸਿੰਘ ਡੈਨੀ ਸਾਹਬ ਜੀ ਦੇ ਨਾਲ ਚਟਾਨ ਵਾਂਗ ਖੜੇ ਹਾਂ ਅਤੇ ਰਾਖਵਾਂਕਰਨ ਬਿੱਲ ਨੂੰ ਕਿਸੇ ਕਿਸਮ ਨਾਲ ਖਤਮ ਨਹੀਂ ਹੋਣ ਦੇਵਾਂਗੇ । ਇਸ ਮੌਕੇ ਸੁਰਜੀਤ ਸਿੰਘ ਸੀਤੂ , ਬਬ ਦੋਧੀ , ਦਲਜੀਤ ਸਿੰਘ, ਗੁਰਮੀਤ ਸਿੰਘ, ਡਾਕਟਰ ਅੰਗਰੇਜ ਸਿੰਘ , ਜੋਬਨਜੀਤ ਸਿੰਘ, ਸੋਨੂੰ ਰੰਧਾਵਾ , ਬਲਕਾਰ ਸਿੰਘ ਅਤੇ ਹੋਰ ਹਾਜ਼ਰ ਹੋਏ।

# ਦੁੱਖ ਦਾ ਪ੍ਰਗਟਾਵਾ



**ਕਪੂਰਥਲਾ - (ਸੁਖੀਜਾ)** - ਅਹਿਮਦਾਬਾਦ ਤੋਂ ਲੰਡਨ ਜਾ ਰਹੇ ਏਅਰ ਇੰਡੀਆ ਹਵਾਈ ਜਹਾਜ਼ ਦਾ ਅਹਿਮਦਾਬਾਦ ਵਿਖੇ ਕਰੈਸ਼ ਹੋਣ ਨਾਲ ਸੈਂਕੜੇ ਜਾਨਾ ਗਵਾਉਣ ਵਾਲੇ ਯਾਤਰੀਆਂ ਦੀ ਬੇਵਕਤੀ ਮੌਤ 'ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਦੁਆਬਾ ਪ੍ਰਧਾਨ ਤੇ ਸੂਬਾ ਆਗੂ ਬਾਈ ਨਛੱਤਰ ਸਿੰਘ ਜੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਬਾਈ ਨਛੱਤਰ ਸਿੰਘ ਨੇ ਕਿਹਾ ਕਿ ਇਹ ਮੰਦਭਾਗੀ ਘਟਨਾ ਪੂਰੇ ਦੇਸ਼ ਲਈ ਦੁਖਦਾਈ ਹੈ। ਉਨਾ ਕਿਹਾ ਕਿ ਇਸ ਮੰਦਭਾਗੇ ਜਹਾਜ ਵਿੱਚ ਜਿੱਥੇ ਸਾਡੇ ਦੇਸ਼ ਦੇ ਨਾਗਰਿਕ ਸਫਰ ਕਰ ਰਹੇ ਸਨ, ਉੱਥੇ ਇੰਗਲੈਂਡ, ਪੁਰਤਗਾਲ ਤੇ ਕਨੇਡਾ ਦੇ ਵੀ ਯਾਤਰੀ ਸਫਰ ਕਰ ਰਹੇ ਸਨ। ਬਾਈ ਨਛੱਤਰ ਸਿੰਘ ਨੇ ਕਿਹਾ ਕਿ ਇਸ ਹਾਦਸੇ ਦੌਰਾਨ ਹਸਪਤਾਲ ਦੀ ਬਿਲਡਿੰਗ ਵਿੱਚ ਰਹਿ ਰਹੇ ਡਾਕਟਰ ਤੇ ਸਟਾਫ ਮੈਂਬਰ ਵੀ ਇਸ ਹਾਦਸੇ ਵਿੱਚ ਜਾਨਾ ਗਵਾ ਗਏ ਹਨ। ਉਨਾਂ ਹਾਦਸੇ ਵਿੱਚ ਜਾਨਾ ਗਵਾਉਣ ਵਾਲਿਆਂ ਦੇ ਪਰਿਵਾਰ ਮੈਂਬਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।

## ਪਾਪਾ ਜੀ ਦਾ ਤਿਆਗ

ਇਹ ਕੁਦਰਤ ਦਾ ਵਿਧੀ ਵਿਧਾਨ ਹੈ ਕਿ ਹਰੇਕ ਨਵੇਂ ਜੀਵ ਦੀ ਸਿਰਜਣਾ ਨਰ ਅਤੇ ਮਦੀਨ ਦੇ ਸਤ ਅਤੇ ਰਸ ਦੇ ਸੰਯੋਗ ਨਾਲ? ਹੀ ਸੰਭਵ ਹੈ। ਬਕੌਲ ਪੰਜਾਬੀ ਸ਼ਾਇਰ–

"ਮੈਂ ਕੁਝ ਨਾਦਾਂ ਤੇ ਬਿੰਦਾਂ ਦਾ ਮਿਲਣ ਬਿੰਦੂ ਹਾਂ, ਮੈਂ ਕੀ ਹਾਂ?
ਜੇ ਮੈਂ ਆਖਾਂ ਕਿ ਮੈਂ ਕੁਝ ਹਾਂ, ਕਥਨ ਮੇਰੇ ਗੁਨਾਹ ਬਣਦੇ।"

ਸਾਡੇ ਸਮਾਜ ਦੇ ਵੱਡੇ ਵਡੇਰਿਆਂ ਅਤੇ ਸੂਝਵਾਨ ਪਤਵੰਤਿਆਂ ਨੇ ਨੌਜਵਾਨਾਂ ਅਤੇ ਮੁਟਿਆਰਾਂ ਦੀ ਕਾਮ–ਇੱਛਾ ਦੀ ਪੂਰਤੀ ਲਈ, ਉਨ੍ਹਾਂ ਦੀ ਊਰਜਾ ਨੂੰ ਸਹੀ ਸੇਧ ਦੇਣ ਲਈ ਅਤੇ ਸੋਹਣੇ ਸੱਭਿਅਕ ਸਮਾਜ ਦੀ ਸਿਰਜਣਾ ਕਰਨ ਲਈ ਵਿਆਹ ਪ੍ਰਬੰਧ ਦੀ ਰੀਤ ਚਲਾਈ। ਜਿਸ ਦੀ ਬਦੌਲਤ ਇਹ ਸਾਰਾ ਸਮਾਜਿਕ ਪ੍ਰਬੰਧ ਸੁਚੱਜੇ, ਉਸਾਰੂ ਅਤੇ ਸਿਹਤਮੰਦ ਢੰਗ ਨਾਲ? ਉੱਸਰ ਸਕਿਆ ਹੈ। ਹਰੇਕ ਬੱਚਾ ਮਾਂ ਦੇ ਗਰਭ ਵਿੱਚੋਂ ਜਨਮ ਲੈਣ ਉਪਰੰਤ ਆਪਣੀ ਮਾਂ ਦੀ ਗੋਦ ਵਿੱਚ ਹੀ ਸਭ ਤੋਂ ਪਹਿਲਾਂ ਅੱਖਾਂ ਖੋਲ੍ਹਦਾ ਹੈ। ਪਰੰਤੂ ਉਹ ਆਪਣਾ ਪਹਿਲਾ ਕਦਮ ਪਿਉ ਦੀ ਉਂਗਲ ਫੜ ਕੇ ਚੱਲਣਾ ਸਿੱਖਦਾ ਹੈ। ਮਾਂ ਜੇਕਰ ਆਪਣੇ ਬੱਚੇ ਨੂੰ ਅੰਮ੍ਰਿਤ ਰੂਪੀ ਦੁੱਧ ਚੁੰਘਾਉਂਦੀ ਹੈ, ਬਹੁਤ ਹੀ ਸੁਚੱਜੇ ਢੰਗ ਨਾਲ? ਉਸ ਦੀ ਸਾਫ਼ ਸਫ਼ਾਈ ਕਰਦੀ ਹੈ, ਉਸ ਨੂੰ ਲੋਰੀਆਂ ਦੇ ਕੇ ਆਪਣੇ ਵਿਰਸੇ ਨਾਲ? ਜੋੜਦੀ ਹੈ, ਬੱਚੇ ਲਈ ਸਾਫ਼ ਸੁਥਰੇ ਪੌਸ਼ਟਿਕ ਭੋਜਨ ਦਾ ਪ੍ਰਬੰਧ ਕਰਦੀ ਹੈ, ਉਸ ਨੂੰ ਚੰਗੇ ਸੰਸਕਾਰ ਦਿੰਦੀ ਹੈ ਤਾਂ ਪਿਉ ਉਸਨੂੰ ਸਵੈ–ਵਿਸ਼ਵਾਸੀ, ਸਵੈ–ਨਿਰਭਰ ਹੋਣ ਅਤੇ ਇਮਾਨਦਾਰੀ ਨਾਲ? ਕਾਮਯਾਬੀ ਦੇ ਮਾਰਗ ਉੱਤੇ ਰਵਾਂ–ਰਵੀਂ ਚੱਲਣਾ ਸਿਖਾਉਂਦਾ ਹੈ। ਜਿੱਥੇ ਮਾਂ ਦਾ ਸੁਭਾਅ ਬਹੁਤ ਨਿੱਘਾ, ਪਿਆਰਾ ਅਤੇ ਮੋਹ ਭਰਿਆ ਹੁੰਦਾ ਹੈ, ਉੱਥੇ ਪਿਉ ਨੂੰ ਆਮ ਤੌਰ 'ਤੇ ਬਹੁਤ ਸਖ਼ਤ ਸੁਭਾਅ ਵਾਲ?ਾ ਮੰਨਿਆ ਜਾਂਦਾ ਹੈ। ਇਸ ਦਾ ਇੱਕੋ ਇੱਕ ਕਾਰਨ ਇਹ ਹੁੰਦਾ ਹੈ ਕਿ ਉਹ ਆਪਣੇ ਪੁੱਤਰ, ਧੀ ਨੂੰ ਕਾਮਯਾਬੀ ਦੀਆਂ ਸਿਖਰਲੀਆਂ ਬੁਲੰਦੀਆਂ ਉੱਤੇ ਵੇਖਣਾ ਚਾਹੁੰਦਾ ਹੈ। ਪਰੰਤੂ ਉਸ ਦੇ ਸਖ਼ਤ ਸੁਭਾਅ ਦੇ ਪਿੱਛੇ ਵੀ ਉਸ ਦੇ ਧੀ ਪੁੱਤ ਲਈ ਮੋਹ, ਮੁਹੱਬਤ, ਪਿਆਰ ਅਤੇ ਆਪਣੇਪਨ ਦਾ ਅਹਿਸਾਸ ਹਮੇਸ਼ਾ ਟਿਕਿਆ ਹੁੰਦਾ ਹੈ। ਪਰਿਵਾਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਫੈਮਲੀ (Family) ਕਿਹਾ ਜਾਂਦਾ ਹੈ। ਫੈਮਲੀ ਵਿੱਚ ਫ਼ਾਦਰ (Father) ਅਤੇ ਮਦਰ (Mother) ਦੇ ਪਹਿਲੇ–ਪਹਿਲੇ ਅੱਖਰ ਐੱਫ ਅਤੇ ਐੱਮ ਆਉਂਦੇ ਹਨ। ਇਸ ਲਈ ਫ਼ਾਦਰ ਅਤੇ ਮਦਰ ਦੇ ਸੰਯੋਗ ਨਾਲ? ਬੱਚਿਆਂ ਦਾ ਜਨਮ ਹੁੰਦਾ ਹੈ। ਇਸ ਪ੍ਰਕਾਰ ਹੀ ਫੈਮਲੀ ਸੰਪੂਰਨ ਹੁੰਦੀ ਹੈ। ਅਮਰੀਕਾ ਦੀ ਸੋਨੇਰਾ ਡੋਡ ਬਹੁਤ ਛੋਟੀ ਉਮਰ ਦੀ ਸੀ, ਜਦੋਂ ਉਸ ਦੀ ਮਾਂ ਦੀ ਮੌਤ ਹੋ ਗਈ ਸੀ। ਪਰੰਤੂ ਉਸ ਦੇ ਪਿਤਾ ਵਿਲੀਅਮ ਸਮਰਾਟ ਨੇ ਉਸ ਨੂੰ ਮਾਂ ਅਤੇ ਪਿਤਾ ਦਾ ਸੰਪੂਰਨ ਪਿਆਰ ਦਿੱਤਾ। ਉਸ ਨੇ ਆਪਣੀ ਧੀ ਨੂੰ ਮਾਂ ਦੀ ਕਮੀ ਕਦੇ ਵੀ ਮਹਿਸੂਸ ਨਹੀਂ ਹੋਣ ਦਿੱਤੀ। ਇੱਕ ਦਿਨ ਅਚਾਨਕ ਸੋਨੇਰਾ ਦੇ ਮਨ ਵਿੱਚ ਆਇਆ ਕਿ ਜਿਸ ਪ੍ਰਕਾਰ ਉਸ ਦੇ ਪਿਆਰੇ ਪਾਪਾ ਨੇ ਉਸ ਦਾ ਪਾਲਣ ਪੋਸ਼ਣ ਕਰਨ ਲਈ ਇੰਨਾਂ ਵੱਡਾ ਤਿਆਗ ਕੀਤਾ ਹੈ, ਉਸ ਨੂੰ ਆਪਣੇ ਪਾਪਾ ਲਈ ਵੀ ਕੁਝ ਵਿਸ਼ੇਸ਼ ਕਰਨਾ ਚਾਹੀਦਾ ਹੈ। ਇਸ ਲਈ ਸੰਸਾਰ ਪੱਧਰ ਉੱਤੇ ਇੱਕ ਦਿਨ ਪਿਤਾ ਦਿਵਸ ਦੇ ਰੂਪ ਵਿੱਚ ਵੀ ਮਨਾਇਆ ਜਾਣਾ ਉਸ ਦੇ ਮਨ ਦਾ ਹੀ ਫੁਰਨਾ ਸੀ। ਉਸ ਨੇ ਆਪਣੇ ਤੌਰ 'ਤੇ ਪਹਿਲੀ ਵਾਰੀ ਉੱਨੀ ਜੂਨ 1910 ਈ. ਨੂੰ ਪਿਤਾ ਦਿਵਸ ਮਨਾਇਆ। ਵਰਜੀਨੀਆ ਦੇ ਮੋਨੋਂਗਾਹ ਦੀ ਇੱਕ ਖ਼ਾਨ ਵਿੱਚ ਹੋਈ ਮੰਦਭਾਗੀ ਦੁਰਘਟਨਾ ਵਿੱਚ 350 ਵਿਅਕਤੀ ਮਾਰੇ ਗਏ ਸਨ। ਜਿਨ੍ਹਾਂ ਵਿੱਚੋਂ 210 ਵਿਅਕਤੀ ਇੱਕ ਜਾਂ ਇੱਕ ਤੋਂ ਵੱਧ ਬੱਚਿਆਂ ਦੇ ਪਿਤਾ ਸਨ। ਇਸ ਲਈ ਉਨ੍ਹਾਂ 210 (ਪਿਤਾ) ਵਿਅਕਤੀਆਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਸ਼੍ਰੀਮਤੀ ਗਰੇਸ ਗੋਲਡਨ ਕਲੇਟਨ ਨੇ ਇਸ ਦਿਨ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ। 1966 ਈ. ਵਿੱਚ ਅਮਰੀਕਾ ਦੇ ਰਾਸ਼ਟਰਪਤੀ ਲਿੰਡਨ ਜਾੱਨਸਨ ਨੇ ਜੂਨ ਮਹੀਨੇ ਦੇ ਹਰੇਕ ਤੀਸਰੇ ਐਤਵਾਰ ਨੂੰ ਪਿਤਾ ਦਿਵਸ ਵਜੋਂ ਮਨਾਉਣ ਦਾ ਐਲਾਨ ਕਰ ਦਿੱਤਾ। ਹੁਣ ਪੂਰੇ ਵਿਸ਼ਵ ਵਿੱਚ ਪਿਤਾ ਸੰਸਾਰ ਦਿਵਸ (World Father Day) ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਵਿਸ਼ਵ ਪਿਤਾ ਦਿਵਸ ਦੇ ਮੌਕੇ ਉੱਤੇ ਪੁੱਤਰ ਆਪਣੇ ਪਿਤਾ ਨੂੰ ਵਧੀਆ ਗਿਫ਼ਟ ਭੇਟ ਕਰਦੇ ਹਨ। ਬਹੁਤ ਸਾਰੇ ਪੁੱਤਰ ਆਪਣੇ ਪਿਤਾ ਨੂੰ ਲਾਲ ਗ਼ੁਲਾਬ ਦਾ ਫ਼ੁੱਲ ਭੇਟ ਕਰਦੇ ਹਨ। ਪਰੰਤੂ ਜਿਨ੍ਹਾਂ ਦੇ ਪਿਤਾ ਇਸ ਸੰਸਾਰ ਤੋਂ ਚਲੇ ਗਏ ਹਨ, ਉਨ੍ਹਾਂ ਦੇ ਪੁੱਤਰਾਂ ਵੱਲੋਂ ਪਿਤਾ ਦੀ ਯਾਦਗਾਰ ਉੱਤੇ ਚਿੱਟੇ ਗ਼ੁਲਾਬ ਦੇ ਫ਼ੁੱਲ ਭੇਟ ਕੀਤੇ ਜਾਂਦੇ ਹਨ।

ਮੈਂ ਇਹ ਗੱਲ ਬੜੇ ਖੁੱਲ੍ਹੇ ਦਿਲ ਨਾਲ? ਸਵੀਕਾਰ ਕਰਨ ਵਿੱਚ ਬੜਾ ਫ਼ਖਰ, ਮਾਣ ਅਤੇ ਖ਼ੁਸ਼ੀ ਮਹਿਸੂਸ ਕਰਦਾ ਹਾਂ ਕਿ ਮੈਂ ਅੱਜ ਤੱਕ ਸਮਾਜ ਵਿੱਚ ਜੋ ਕੁਝ ਵੀ ਬਣ ਸਕਿਆ ਹਾਂ, ਮੈਂ ਜੋ ਵੀ ਰੁਤਬਾ ਹਾਸਲ ਕਰ ਸਕਿਆ ਹਾਂ, ਮੈਂ ਆਪਣੀ ਕਲਮ ਨਾਲ? ਜੋ ਕੁਝ ਵੀ ਲਿਖ ਸਕਿਆ ਹਾਂ, ਆਪਣੀ ਜ਼ੁਬਾਨ ਨਾਲ? ਆਪਣੇ ਅਧਿਆਪਕਾਂ, ਵਿਦਿਆਰਥੀਆਂ, ਸਹਿਕਰਮੀਆਂ, ਆਪਣੇ ਪਿੰਡ ਦੇ ਪਤਵੰਤੇ ਸੱਜਣਾਂ ਅਤੇ ਆਪਣੇ ਗੁਆਂਢੀਆਂ ਤੋਂ ਜੋ ਵੀ ਆਦਰ ਮਾਣ ਸਤਿਕਾਰ ਪਿਆਰ ਮੁਹੱਬਤ ਹਾਸਲ ਕਰ ਸਕਿਆ ਹਾਂ, ਉਸ ਵਿੱਚ ਮੇਰੀ ਪਿਆਰੀ ਅੰਮੀ ਮਾਤਾ ਮਹਿੰਦਰ ਕੌਰ ਅਤੇ ਪਿਆਰੇ ਪਾਪਾ ਸ. ਅਜੀਤ ਸਿੰਘ ਜੀ ਦੀ ਸਖ਼ਤ ਮਿਹਨਤ, ਸਿਰੜ, ਸਿਦਕ, ਸਹਿਜ, ਸੁਹਜ, ਤਿਆਗ ਅਤੇ ਸੇਵਾ ਦਾ ਬਹੁਤ ਵੱਡਾ ਯੋਗਦਾਨ ਹੈ। ਜਿੱਥੇ ਮੇਰੇ ਖਾਣ ਪੀਣ, ਪਹਿਨਣ ਪੱਚਰਣ ਦਾ ਪੂਰਾ ਧਿਆਨ ਮੇਰੇ ਬੀਜੀ ਰੱਖਦੇ ਸਨ, ਉੱਥੇ ਮੇਰੇ ਪਿਆਰੇ ਪਾਪਾ ਜੀ ਮੇਰੀ ਪੜ੍ਹਨ ਦੀ ਲੰਮੀ ਬੈਠਕ ਬਣਾਉਣ ਲਈ ਰਾਤ–ਰਾਤ ਭਰ ਮੇਰੇ ਕੋਲ ਬੈਠਦੇ ਸਨ। ਜੇਕਰ ਸਿਆਲਾਂ ਦੀਆਂ ਯਖ਼ ਠੰਢੀਆਂ ਰਾਤਾਂ ਵਿੱਚ ਮੈਨੂੰ ਕਦੇ ਬਹੁਤ ਜ਼ਿਆਦਾ ਨੀਂਦ ਆਉਣੀ ਤਾਂ ਪਾਪਾ ਆਖਦੇ ਸਨ– ÷ਪਿਆਰੇ ਪੁੱਤਰ, ਉੱਠ ਕੇ ਠੰਢੇ ਪਾਣੀ ਨਾਲ? ਮੂੰਹ ਧੋ ਆਓ। ਨੀਂਦ ਦੂਰ ਨੱਸ ਜਾਏਗੀ।÷ ਇਹ ਅਕਸਰ ਹੁੰਦਾ ਸੀ ਕਿ ਮੈਂ ਰਾਤੀਂ ਅੱਠ ਵਜੇ ਪੜ੍ਹਨਾ ਸ਼ੁਰੂ ਕਰਦਾ ਸਾਂ। ਮੈਨੂੰ ਪੜ੍ਹਦੇ–ਪੜ੍ਹਦੇ ਨੂੰ ਸਵੇਰ ਦੇ ਚਾਰ ਵੱਜ ਜਾਂਦੇ ਸਨ। ਉਸ ਸਮੇਂ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਦੀ ਰਸ ਭਿੰਨੀ ਧੁਨੀ ਮੇਰੇ ਕੰਨਾਂ ਵਿੱਚ ਪੈਂਦੀ ਸੀ। ਉਸ ਸਮੇਂ ਆਪਣੇ ਬੀਜੀ ਵੱਲੋਂ ਕੀਤੇ ਗਏ ਗਰਮ ਦੁੱਧ ਦੀ ਗੜਬੀ ਪੀ ਕੇ ਮੈਂ ਆਪ ਤਾਂ ਸੌਂ ਜਾਂਦਾ ਸਾਂ। ਪਰੰਤੂ ਪਾਪਾ ਜੀ ਇਸ਼ਨਾਨ ਪਾਣੀ ਕਰਕੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਚਲੇ ਜਾਂਦੇ ਸਨ। ਘਰ ਆ ਕੇ ਉਹ ਨਾਸ਼ਤਾ ਕਰ ਕੇ ਆਪਣੇ ਸਾਇਕਲ ਉੱਤੇ ਆਪਣੀ ਡਿਊਟੀ ਲਈ ਚਲੇ ਜਾਂਦੇ ਸਨ। ਇਸ ਪ੍ਰਕਾਰ ਮੇਰੇ ਪਾਪਾ ਜੀ ਦਾ ਮੇਰੀ ਪੜ੍ਹਾਈ ਲਈ ਹਰ ਰੋਜ਼ ਆਪਣੀ ਪਿਆਰੀ ਨੀਂਦ ਦਾ ਤਿਆਗ ਕਰਨਾ ਮੇਰੇ ਲਈ ਬਹੁਤ ਵੱਡੀ ਕੁਰਬਾਨੀ ਸੀ। ਇਸ ਪ੍ਰਕਾਰ ਮੈਂ ਸਮਝਦਾਂ ਕਿ ਜੇਕਰ ਮੇਰਾ ਪੰਜਾਬੀ ਵਿਸ਼ੇ ਵਿੱਚ ਕੁਝ ਤਕੜਾ ਆਧਾਰ ਬਣ ਸਕਿਆ ਹੈ ਤਾਂ ਉਹ ਮੇਰੇ ਪਾਪਾ ਜੀ ਦਾ ਮੇਰੇ ਨਾਲ? ਸਾਰੀ–ਸਾਰੀ ਰਾਤ ਜਾਗਣ ਦਾ ਹੀ ਪ੍ਰਤੀਫਲ ਹੈ। ਅੱਜ, ਮੇਰੇ ਪਿਆਰੇ ਪਾਪਾ ਨੂੰ ਸਾਡੇ ਕੋਲੋਂ ਵਿੱਛੜਿਆਂ ਭਾਵੇਂ ਅਠਾਰਾਂ ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਪਰੰਤੂ ਉਨ੍ਹਾਂ ਦੇ ਜਾਣ ਤੋਂ ਬਾਅਦ ਮੈਨੂੰ ਜਦੋਂ ਵੀ ਜੀਵਨ ਵਿੱਚ ਕਿਸੇ ਔਕੜ ਦਾ ਸਾਹਮਣਾ ਕਰਨਾ ਪਿਆ ਹੈ ਤਾਂ ਉਨ੍ਹਾਂ ਦੀ ਦਿੱਤੀ ਸਿੱਖਿਆ, ਹੱਲਾਸ਼ੇਰੀ ਮੇਰਾ ਰਾਹ ਰੁਸ਼ਨਾਉਂਦੀ ਰਹਿੰਦੀ ਹੈ ਅਤੇ ਮੈਂ ਸਹਿਜਤਾ ਨਾਲ? ਹੀ ਫ਼ਤਹਿ ਦੇ ਰਾਹ ਉੱਤੇ ਚੱਲ ਪੈਂਦਾ ਹਾਂ। ਮੈਂ ਆਪਣੇ ਪਾਪਾ ਨੂੰ ਜ਼ਿੰਦਗੀ ਵਿੱਚ ਕਦੇ ਵੀ ਬਿਮਾਰ ਹੋਇਆਂ ਨਹੀਂ ਵੇਖਿਆ। ਹਾਂ, ਉਹ ਆਪਣੇ ਜੀਵਨ ਦੇ ਅੰਤਿਮ ਚਾਲ?ੀ ਦਿਨ ਜ਼ਰੂਰ ਬਿਮਾਰੀ ਨਾਲ? ਜੂਝਦੇ ਰਹੇ। ਇਹ ਉਹੀ ਚਾਲ?ੀ ਦਿਨ ਸਨ, ਜਦੋਂ ਪਾਪਾ ਜੀ ਦੀ ਕਿਡਨੀ, ਗੁਰਦੇ ਅਤੇ ਹੋਰ ਕਈ ਅੰਗਾਂ ਨੇ ਕੰਮ ਕਰਨਾ ਘੱਟ ਕਰ ਦਿੱਤਾ ਸੀ। ਪਾਪਾ ਜੀ ਹਸਪਤਾਲ ਵਿੱਚ ਦਾਖ਼ਲ ਸਨ। ਸਵੇਰ ਵੇਲੇ ਮੈਂ ਆਪਣੇ ਹੱਥਾਂ ਨਾਲ? ਉਨ੍ਹਾਂ ਨੂੰ ਬ੍ਰਸ਼ ਕਰਵਾਉਂਦਾ ਸਾਂ। ਉਨ੍ਹਾਂ ਦੇ ਮੂੰਹ ਵਿੱਚ ਉਂਗਲ ਪਾ ਕੇ ਦੰਦਾਂ ਅਤੇ ਮਸੂੜਿਆਂ ਦੀ ਮਾਲਿਸ਼ ਕਰ ਦਿੰਦਾ ਸਾਂ। ਉਨ੍ਹਾਂ ਦਾ ਚਿਹਰਾ ਧੋ ਦਿੰਦਾ ਸਾਂ। ਉਨ੍ਹਾਂ ਨੂੰ ਕੋਸੇ ਪਾਣੀ ਦਾ ਇੱਕ ਮੱਘ ਪਿਲਾ ਦਿੰਦਾ ਸਾਂ। ਚਾਹ ਨਾਲ? ਬਿਸਕੁਟ ਖੁਆ ਦਿੰਦਾ ਸਾਂ। ਹੌਲ?ੀ–ਹੌਲ?ੀ ਉਨ੍ਹਾਂ ਨੂੰ ਨਾਸ਼ਤਾ ਕਰਵਾ ਦਿੰਦਾ ਸਾਂ। ਇਹ ਸਾਰੀ ਕਿਰਿਆ ਬਹੁਤ ਹੀ ਸਹਿਜ ਅਤੇ ਸੁਚੱਜੇ ਢੰਗ ਨਾਲ? ਚੱਲਦੀ ਰਹਿੰਦੀ ਸੀ। ਪਾਪਾ ਜੀ ਨੂੰ ਜਦੋਂ ਵੀ ਪਿਸ਼ਾਬ ਕਰਨ ਦੀ ਹਾਜ਼ਤ ਹੁੰਦੀ ਸੀ, ਉਨ੍ਹਾਂ ਨੂੰ ਪਤਾ ਨਹੀਂ ਸੀ ਲੱਗਦਾ। ਇਸ ਲਈ ਪਿਸ਼ਾਬ ਕਛਹਿਰੇ ਵਿੱਚ ਹੀ ਨਿੱਕਲ ਜਾਂਦਾ ਸੀ। ਮੈਂ ਤੁਰੰਤ ਉਨ੍ਹਾਂ ਦਾ ਕਛਹਿਰਾ ਉਤਾਰ ਕੇ ਗਿੱਲੇ ਤੌਲੀਏ ਨਾਲ? ਉਨ੍ਹਾਂ ਦੀ ਸਾਫ਼–ਸਫ਼ਾਈ ਕਰ ਦਿੰਦਾ ਸਾਂ। ਉਨ੍ਹਾਂ ਨੂੰ ਧੋਇਆ ਹੋਇਆ ਸਾਫ਼ ਕਛਹਿਰਾ ਪਹਿਨਾ ਦਿੰਦਾ ਸਾਂ। ਮੈਨੂੰ ਇਸ ਤਰ੍ਹਾਂ ਪਾਪਾ ਦੀ ਦੇਖਭਾਲ ਅਤੇ ਸਾਂਭ ਸੰਭਾਲ ਕਰਦਿਆਂ ਵੇਖ ਕੇ ਹਸਪਤਾਲ ਦੇ ਡਾਕਟਰ ਨੇ ਮੈਨੂੰ ਕਿਹਾ ਸੀ, ÷ਪ੍ਰਿੰ. ਇਕਬਾਲ ਸਿੰਘ, ਮੈਂ ਆਪਣੇ ਜੀਵਨ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਬਜ਼ੁਰਗਾਂ ਦੀ ਸੁਚੱਜੇ ਢੰਗ ਨਾਲ? ਸਾਂਭ–ਸੰਭਾਲ ਹੁੰਦੀ ਵੇਖੀ ਹੈ। ਪਰੰਤੂ ਜਿਸ ਪ੍ਰਕਾਰ ਤੁਸੀਂ ਪੂਰੇ ਸਿਦਕ ਨਾਲ? ਆਪਣੇ ਪਾਪਾ ਦੀ ਸੇਵਾ ਕਰ ਰਹੇ ਹੋ, ਇਹ ਪਹਿਲੀ ਵਾਰੀ ਦੇਖਿਆ ਹੈ।" ਤਦ ਮੈਂ ਉਸ ਪਿਆਰੀ ਰੂਹ ਵਾਲ? ਡਾ. ਨੂੰ ਆਖਿਆ ਸੀ, "ਡਾਕਟਰ ਸਾਹਿਬ, ਮੈਂ ਤਾਂ ਆਪਣੇ ਪਾਪਾ ਦੀ ਲਗਪਗ ਤਿੰਨ ਕੁ ਹਫ਼ਤਿਆਂ ਤੋਂ ਹੀ ਇਸ ਪ੍ਰਕਾਰ ਸੇਵਾ ਕਰ ਰਿਹਾ ਹਾਂ। ਪਰੰਤੂ ਮੈਂ ਤੁਹਾਨੂੰ ਸਹੀ ਗਿਣਤੀ ਕਰਕੇ ਦੱਸ ਨਹੀਂ ਸਕਦਾ ਕਿ ਮੇਰੇ ਪਾਪਾ ਨੇ ਮੈਨੂੰ ਪੈਰਾਂ 'ਤੇ ਖੜ੍ਹਾ ਕਰਨ ਲਈ, ਮੇਰਾ ਭਵਿੱਖ ਉੱਜਵਲ ਕਰਨ ਲਈ ਆਪਣੀਆਂ ਕਿੰਨੀਆਂ ਰਾਤਾਂ ਦੀ ਨੀਂਦ ਮੇਰੇ ਤੋਂ ਕੁਰਬਾਨ ਕੀਤੀ ਹੈ। ਮੇਰੇ ਲੇਖੇ ਲਾਈ ਹੈ।÷ ਬੇਸ਼ੱਕ ਮੈਨੂੰ ਨਹੀਂ ਪਤਾ ਕਿ ਡਾਕਟਰ ਸਾਹਿਬ ਮੇਰੀ ਗੱਲ ਦਾ ਪੂਰਾ ਅਰਥ ਸਮਝ ਸਕੇ ਜਾਂ ਨਹੀਂ। ਪਰੰਤੂ ਉਸ ਸਮੇਂ ਮੇਰਾ ਤਨ ਮਨ ਆਪਣੇ ਪਾਪਾ ਵੱਲੋਂ ਕੀਤੇ ਤਿਆਗ ਅੱਗੇ ਨਤਮਸਤਕ ਹੋ ਰਿਹਾ ਸੀ।

**"ਮਾਤਾ ਪਿਤਾ ਨੂੰ ਸੀਨੇ ਲਾ ਕੇ ਠੰਡ ਪਾਉਣ ਦਾ,**
**ਜਿਸ ਦਿਨ ਆਇਆ ਚੇਤਾ।**
**ਉਸ ਦਿਨ ਤੱਕ ਉਹ ਬਣ ਚੁੱਕੇ ਸਨ,**
**ਅਗਨੀ, ਪੌਣ, ਪਾਣੀ ਤੇ ਰੇਤਾ।"**

**ਡਾ. ਇਕਬਾਲ ਸਿੰਘ ਸਕਰੌਦੀ**

## ਤੇਰੀ ਧੀ ਹਾਂ

ਤੇਰੀ ਧੀ ਹਾਂ ਬਾਪੂ ਮੈਂ,
ਮੈਂ ਤੇਰੀ ਲਾਜ ਰੱਖਾਂਗੀ।

ਪੈਦਾ ਹੋਈ ਤੂੰ ਚੁੱਕ
ਬਿਠਾਇਆ
ਆਪਣੀ ਗੋਦੀ ਦੇ ਆਸਣ ਤੇ।
ਮੈ ਚੜ੍ਹਦੀ ਜਵਾਨੀ 'ਚ
ਤੇਰੇ ਸਿਰ ਤਾਜ ਰੱਖਾਂਗੀ।
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਮੇਰੇ ਵਾਸਤੇ ਸਹੇ
ਜੋ ਤਾਹਨੇ ਲੱਖ ਸ਼ਰੀਕਾਂ ਦੇ
ਮੈਂ ਖਰੀ ਉਤਰੂੰ ਉਮੀਦਾਂ ਤੇ
ਚੁੰਨੀ ਬੇਦਾਗ ਰੱਖਾਂਗੀ।
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਦਿੱਤੇ ਖੰਭ ਮੈਨੂੰ ਭਾਵੇਂ
ਉੱਡਣੇ ਨੂੰ 'ਸਮਾਨਾ ਤੇ।
ਮੈਂ ਛੂਹੁੰ ਭਾਵੇਂ ਸ਼ਿਖਰਾਂ ਨੂੰ
ਕਦਮ ਜ਼ਮੀਂ ਤੇ ਧਾਰ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੇਰੀ ਪੱਗ ਦੇ ਲੜ ਅੰਦਰ
ਮੈ ਬੰਨਿਆਂ ਖੁਦ ਨੂੰ ਹੈ ਪੱਕਾ।
ਜਾਲੀ ਮਾਂ ਦੀ ਚੁੰਨੀ ਚ
ਮੈਂ ਖੁਦ ਨੂੰ ਤਾੜ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਮੇਰੇ ਦਰਦ ਨੂੰ ਜਾਣੇ
ਅਣਕਹੀਆਂ ਵੀ ਸੁਣਦਾ ਹੈਂ।
ਹਰ ਗੱਲ ਦਿਲ ਦੀ ਦਸਾਂਗੀ
ਨਾ ਕੋਈ ਰਾਜ਼ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।



**ਨੀਤੂ ਬਾਲਾ ਕਵਿੱਤਰੀ**

## ਨਵੀਂ ਜੁੱਤੀ

"ਹਾਏ ਹਾਏ! ਨਵੀਂ ਜੁੱਤੀ ਸੀ, ਗਈ ਕਿੱਥੇ?"

ਕਰਮੋ ਬੁੜਬੁੜਾਉਂਦੀ ਕਦੇ ਪੇਟੀ ਹੇਠਾਂ ਝਾਤੀ ਮਾਰਦੀ, ਤੇ ਕਦੇ ਮੰਜੇ ਹੇਠ...

"ਹਾਲੇ ਥੋੜ੍ਹੇ ਦਿਨ ਪਹਿਲਾਂ ਪੇਕਿਆਂ ਤੋਂ ਬੇਬੇ ਨੇ ਦਿੱਤੀ ਸੀ।

ਹਾਲੇ ਤਾਂ ਚੱਜ ਨਾਲ ਪੈਰੀਂ ਪਾ ਕੇ ਵੀ ਨਹੀਂ ਦੇਖੀ "

ਉਹਨੇ ਮੰਜੇ ਹੇਠ ਇਕ ਵਾਰੀ ਫਿਰ ਚੰਗੀ ਤਰਾਂ ਝਾਤੀ ਮਾਰੀ, ਪਰ ਜੁੱਤੀ ਨਾ ਲੱਭੀ।

"ਇੱਕ ਤਾਂ ਇਹ ਚੌਣਾ ਵੀ ਚੀਜ਼ ਰਹਿਣ ਦਿੰਦਾ?" ਖਿੱਝੀ ਨੇ ਛੋਟੇ ਮੁੰਡੇ ਨੂੰ ਕਿਹਾ,

"ਵੇ, ਤੂੰ ਤਾਂ ਨਹੀਂ ਕਿਤੇ ਸੁੱਟ ਆਂਦੀ?"

"ਨਹੀਂ ਬੇਬੇ, ਮੈਂ ਤਾਂ ਨਹੀਂ ਦੇਖੀ!"

ਮੁੰਡੇ ਨੇ ਜਿਵੇਂ ਤਰਲਾ ਮਾਰਿਆ ।

ਉਹਦੇ ਮਨ ਵਿੱਚ ਬਾਹਰ ਪਏ ਸ਼ਰਾਬੀ ਪਿਉ ਦਾ ਡਰ ਸੀ...ਜਿਹੜਾ ਪਤਾ ਨਹੀਂ ਕਿਹੜੇ ਵੇਲੇ ਕੀਹਦੇ ਦੁਆਲੇ ਹੋ ਜਾਵੇ।

ਨਾਲੇ ਇਹ ਕਿਹੜੀ ਪਹਿਲੀ ਵਾਰੀ ਸੀ?

ਮੁੰਡੇ ਨੂੰ ਵੀ ਪਤਾ ਸੀ... ਇੱਥੇ ਰੋਜ਼ ਤਾਂ ਕੁਝ ਨਾ ਕੁਝ ਗੁਆਚਦਾ ਰਹਿੰਦਾ।

ਉਹਦਾ ਪਿਉ ਘਰ ਦੀਆਂ ਚੀਜ਼ਾਂ ਵੇਚ ਵੇਚ ਸ਼ਰਾਬ ਪੀ ਲੈਂਦਾ,ਤੇ ਕਈ ਵਾਰ ਆਪਣੇ ਮੂੰਹ–ਮੁਲਾਹਜੇਦਾਰਾਂ ਨੂੰ ਦੇ ਆਉਂਦਾ।

ਘਰ ਭਾਂਵੇ ਰੋਜ਼ ਭੰਗ ਭੁੱਜਦੀ ਸੀ, ਪਰ ਉਹਨੂੰ ਰੱਤੀ ਫ਼ਰਕ ਨਹੀਂ ਸੀ ਪੈਂਦਾ। ਵੇਹਲੜ, ਸਾਰਾ ਸਾਰਾ ਦਿਨ ਸ਼ਰਾਬ ਦਾ ਰੱਜਿਆ ਪਿਆ ਰਹਿੰਦਾ ਜਾਂ ਆਵਾਰਾਗਰਦੀ ਕਰਦਾ ਫਿਰਦਾ ਰਹਿੰਦਾ।

"ਚੱਲ ਦਫਾ ਕਰ... ਨਹੀਂ ਤਾਂ ਨਾ ਸਹੀ।

ਅੱਗੇ ਕਿਹੜਾ ਨਿੱਤ ਨਵੀਆਂ ਪਾ ਕੇ ਜਾਂਦੀ ਆਂ,

ਟੁੱਟੇ ਛਿੱਤਰਾਂ 'ਚ ਹੀ ਨਿਭ ਜਾਣੀ ਆਂ ਮੇਰੀ ਤਾਂ..."

ਕਰਮੋ ਨੇ ਜਿਵੇਂ ਆਪਣੇ ਆਪ ਨੂੰ ਹੀ ਸਮਝਾਇਆ।

ਉਦਾਂ ਵੀ, ਅੱਜ ਸੰਗਰਾਂਦ ਦਾ ਦਿਨ ਸੀ।

ਉਹ ਨਹੀਂ ਸੀ ਚਾਹੁੰਦੀ ਕਿ ਕੋਈ ਹੋਰ ਸਿਆਪਾ ਖੜ੍ਹਾ ਹੋਵੇ।

ਮਾਪਿਆਂ ਨੇ ਨਸ਼ੇੜੀ ਨਾਲ ਤੋਰ,

"ਅੱਗੇ ਤੇਰੀ ਕਿਸਮਤ ਧੀਏ," ਕਹਿ ਕੇ ਹੱਥ ਝਾੜ ਲਏ ਸਨ।

"ਨੀਂ ਆ ਜਾ ਭੈਣੇ! ਅੱਗੇ ਲੇਟ ਹੋਈ ਜਾਂਦੀਆਂ "

ਗਲੀ ਵਿਚੋਂ ਮਿੰਦੋ ਦੀ ਆਵਾਜ਼ ਆਈ।

ਕਰਮੋ ਨੇ ਛੇਤੀ–ਛੇਤੀ ਚਾਦਰ ਦੀ ਬੁੱਕਲ ਮਾਰੀ,

ਸਿਰ ਢੱਕਿਆ, ਤੇ ਬੁੜਬੁੜ ਕਰਦੀ ਨਾਲ ਹੋ ਤੁਰੀ।

ਜਿਵੇਂ ਹੀ ਗਲੀ 'ਚੋਂ ਨਿਕਲੀਆਂ, ਤਾਂ ਕਰਮੋ ਇੱਕ ਵਾਰ ਤਾਂ ਠਠੰਬਰ ਗਈ।

ਉਹਨਾਂ ਦੇ ਮੂਹਰੇ–ਮੂਹਰੇ, ਛੱਜੇ ਅਮਲੀ ਦੀ ਵਿਧਵਾ ਨੂੰਹ ਉਹੀ ਜੁੱਤੀ ਪਾਈ ਤੁਰੀ ਜਾਂਦੀ ਸੀ।

ਕਰਮੋ ਦੇ ਅੰਦਰੋਂ ਜਿਵੇਂ ਭੁੱਬ ਨਿਕਲੀ।

ਉਹਦੇ ਕੋਲੋਂ ਅਗਲਾ ਪੈਰ ਪੱਟਿਆ ਨਹੀਂ ਸੀ ਜਾ ਰਿਹਾ।

ਇੰਝ ਲੱਗਿਆ ਜਿਵੇਂ ਛੱਜੇ ਦੀ ਨੂੰਹ ਨੇ ਉਸੇ ਜੁੱਤੀ ਨਾਲ ਉਹਦਾ ਸੀਨਾ ਮਸਲ ਕੇ ਰੱਖ ਦਿੱਤਾ ਹੋਵੇ...

**— ਦੀਪ ਸੰਧੂ**

## ਪਿਉ - ਸਾਉਣ ਵਰਗਾ ਛਾਂਵਾਂਦਾਰ ਰੁੱਖ

ਪਿਉ... ਇਕ ਐਸਾ ਸ਼ਬਦ ਜੋ ਚੁੱਪ ਚਾਪ ਸਹਿਣ ਦੀ ਮਿਸਾਲ ਹੈ।ਜਿੱਥੇ ਮਾਂ ਪਿਆਰ ਦਾ ਸਾਗਰ ਹੁੰਦੀ ਹੈ, ਉੱਥੇ ਪਿਉ ਇੱਕ ਨਦੀ ਵਾਂਗ ਹੁੰਦਾ ਹੈ ।ਜੋ ਹੌਲੀ ਹੌਲੀ ਵਗਦੀ ਹੈ, ਪਰ ਜ਼ਿੰਦਗੀ ਨੂੰ ਚਲਾਉਂਦੀ ਰਹਿੰਦੀ ਹੈ।

ਪਿਉ ਉਹ ਹੈ ਜੋ ਖੁਦ ਦੀ ਜ਼ਿੰਦਗੀ ਰੁਕ ਕੇ ਸਾਡੇ ਲਈ ਵਧਾ ਦਿੰਦਾ ਹੈ।

ਜਦ ਅਸੀਂ ਬੱਚੇ ਹੁੰਦੇ ਹਾਂ, ਉਹ ਸਾਡੀ ਇੱਕ ਮੁਰਾਦ ਨੂੰ ਪੂਰਾ ਕਰਨ ਲਈ ਆਪਣੇ ਸੌ ਖ਼ਵਾਬਾਂ ਨੂੰ ਮੁੱਕਰ ਜਾਂਦਾ ਹੈ। ਉਹ ਸਵੇਰ ਦੀਆਂ ਠੰਡੀ ਹਵਾਵਾਂ ਵਾਂਗ ਹੁੰਦਾ ਹੈ ।ਸ਼ਾਂਤ, ਸੋਹਣੀ, ਪਰ ਨਾ ਦਿੱਖੀ ਜਾਣ ਵਾਲੀ।ਉਹ ਕਦੇ ਵੀ ਨਹੀਂ ਦੱਸਦਾ ਕਿ ਓਹ ਕਿੰਨਾ ਥੱਕਿਆ ਹੋਇਆ ਹੈ।ਓਹ ਸਿਰਫ਼ ਕਮਾਉਂਦਾ ਨਹੀਂ, ਓਹ ਭਰੋਸਾ ਬਣਾਉਂਦਾ ਹੈ।

ਪਿਉ ਦੀ ਮਿਹਨਤ ਘਰ ਦੀ ਥਾਂ ਨਹੀ, ਪਰ ਸਾਰੇ ਪਰਿਵਾਰ ਦੀ ਰੀੜ੍ਹ ਦੀ ਹੱਡੀ ਬਣ ਜਾਂਦੀ ਹੈ।ਉਹ ਕਦੇ ਲਾਡ ਨਹੀਂ ਕਰਦਾ, ਪਰ ਲਾਡ ਦੇ ਹੱਕ ਵਿੱਚ ਕਦੇ ਘਾਟ ਨਹੀਂ ਆਉਣ ਦਿੰਦਾ।ਉਸ ਦੀਆਂ ਅੱਖਾਂ ਵਿੱਚ ਤਰਸ ਨਹੀਂ, ਪਰ ਉਮੀਦਾਂ ਹੁੰਦੀਆਂ ਹਨ।ਉਹ ਰੋਜ਼ ਰਾਤ ਨੀਂਦ ਵਿੱਚ ਨਹੀਂ, ਬਲਕਿ ਸੋਚਾਂ ਵਿੱਚ ਲੁਕਿਆ ਹੁੰਦਾ ਹੈ ÷ਮੇਰੇ ਬੱਚਿਆਂ ਦਾ ਭਵਿੱਖ ਕਿਵੇਂ ਚਮਕੇ?

ਪਿਉ ਦੀ ਜ਼ਿੰਦਗੀ ਇੱਕ ਅਣਕਹੀ ਕਵਿਤਾ ਵਰਗੀ ਹੁੰਦੀ ਹੈ,ਜਿਸ ਦੇ ਹਰ ਅੱਖਰ 'ਚ ਤਿਆਗ, ਸੰਘਰਸ਼, ਤੇ ਪਿਆਰ ਲਿਖਿਆ ਹੁੰਦਾ ਹੈ।ਪਿਉ ਨੂੰ ਅਕਸਰ ਅਸੀਂ ਪਿਛੋਕੜ ਵਿੱਚ ਰੱਖ ਦੇਂਦੇ ਹਾਂ, ਪਰ ਉਹ ਤਾਂ ਸਾਡੀ ਜ਼ਿੰਦਗੀ ਦੀ ਰਾਹਦਾਰੀ ਦਾ ਰੋਸ਼ਨ ਦੀਵਾ ਹੈ।ਜਿਹੜਾ ਸਾਡੇ ਲਈ ਬੁਝਦਾ ਜਾਂਦਾ ਹੈ, ਪਰ ਸਾਨੂੰ ਕਦੇ ਹਨੇਰਾ ਮਹਿਸੂਸ ਨਹੀਂ ਹੋਣ ਦਿੰਦਾ।

**ਮੰਜੂ ਰਾਇਕਾ**

## ਸਮਾਜ ਚ ਔਰਤਾਂ ਦੀ ਭੂਮਿਕਾ ਨੂੰ ਸਮਝਣ ਦੀ ਲੋੜ

ਔਰਤ ਸਿਰਫ਼ ਇੱਕ ਸਰੀਰ ਨਹੀਂ, ਉਹ ਸੰਸਾਰ ਦੀ ਜਨਨੀ ਹੈ। ਉਹ ਪਿਆਰ ਦੀ ਮੂਰਤ, ਸਹਿਣਸ਼ੀਲਤਾ ਦਾ ਚਿੰਨ੍ਹ ਅਤੇ ਸੰਸਕਾਰਾਂ ਦੀ ਮੂਲ ਧਾਰਾ ਹੈ। ਉਸ ਦੇ ਬਿਨਾਂ ਕੋਈ ਪਰਿਵਾਰ, ਕੋਈ ਸਮਾਜ, ਕੋਈ ਰਾਸ਼ਟਰ ਪੂਰਾ ਨਹੀਂ ਹੋ ਸਕਦਾ। ਇਕ ਔਰਤ, ਜਦ ਮਾਂ ਬਣਦੀ ਹੈ, ਤਾਂ ਆਪਣੀ ਗੋਦ ਵਿੱਚ ਭਵਿੱਖ ਨੂੰ ਪਾਲਦੀ ਹੈ। ਜਦ ਭੈਣ ਬਣਦੀ ਹੈ, ਤਾਂ ਪਿਆਰ ਦੀ ਮਿਸਾਲ ਬਣ ਜਾਂਦੀ ਹੈ। ਜਦ ਪਤਨੀ ਬਣਦੀ ਹੈ, ਤਾਂ ਜੀਵਨ ਦੇ ਹਰ ਸੁਖ–ਦੁੱਖ ਵਿੱਚ ਸਾਥੀ ਬਣਦੀ ਹੈ। ਉਸ ਦੀ ਹਸਤੀ ਸਮਾਜ ਦੀ ਜੜ੍ਹ ਹੈ।



ਸਮਾਜਿਕ ਤਬਦੀਲੀਆਂ ਵਿੱਚ ਔਰਤ ਦੀ ਭੂਮਿਕਾ ਮਹੱਤਵਪੂਰਨ ਰਹੀ ਹੈ। ਕਦੀ ਘਰ ਦੇ ਚੁੱਲ੍ਹੇ –ਚੌਂਕੇ ਤੱਕ ਸੀਮਤ ਰਹਿਣ ਵਾਲੀ ਔਰਤ,ਅੱਜ ਹਰ ਖੇਤਰ ਵਿੱਚ ਆਪਣਾ ਲੋਹਾ ਮਨਵਾ ਰਹੀ ਹੈ। ਉਹ ਅਧਿਆਪਕਾ ਵੀ ਹੈ, ਡਾਕਟਰ ਵੀ, ਇੰਜੀਨੀਅਰ ਵੀ ਤੇ ਸਿਆਸਤਦਾਨ ਵੀ। ਖੇਤਾਂ ਵਿੱਚ ਮਿਹਨਤ ਕਰਦੀ ਔਰਤ ਤੋਂ ਲੈ ਕੇ ਚੰਦ ਤੱਕ ਪਹੁੰਚਣ ਵਾਲੀ ਔਰਤ ਹਰ ਪਾਸੇ ਉਹ ਆਪਣੀ ਸ਼ਮੂਲੀਅਤ ਨੂੰ ਸਾਬਤ ਕਰ ਰਹੀ ਹੈ। ਉਸ ਨੇ ਸਮਾਜ ਦੇ ਉਸ ਦਾਅਵੇ ਨੂੰ ਝੁਠਲਾ ਦਿੱਤਾ ਹੈ ਕਿ ਔਰਤ ਕਮਜ਼ੋਰ ਹੁੰਦੀ ਹੈ। ਉਹ ਅੰਦਰੋਂ ਲੋਹੀ ਹੈ, ਪਰ ਬਾਹਰੋਂ ਮਾਫ਼ ਹੈ। ਉਹ ਕਲਮ ਵੀ ਚਲਾਉਂਦੀ ਹੈ ਅਤੇ ਤਲਵਾਰ ਵੀ। ਉਹ ਘਰ ਵੀ ਚਲਾਉਂਦੀ ਹੈ ਅਤੇ ਦਫਤਰ ਵੀ। ਉਸ ਵਿੱਚ ਇਕ ਅਜਿਹਾ ਸੰਤੁਲਨ ਹੈ ਜੋ ਮਨੁੱਖੀ ਜੀਵਨ ਨੂੰ ਪੂਰਾ ਬਣਾਉਂਦਾ ਹੈ। ਪੁਰਾਣੀਆਂ ਸੋਚਾਂ ਦੇ ਬਾਵਜੂਦ, ਔਰਤ ਨੇ ਆਪਣਾ ਰਾਹ ਖੁਦ ਬਣਾਇਆ ਹੈ। ਉਹ ਸਿਰਫ਼ ਆਪਣੇ ਲਈ ਨਹੀਂ, ਪਰ ਸਮੂਹ ਸਮਾਜ ਲਈ ਆਵਾਜ਼ ਉਠਾ ਰਹੀ ਹੈ। ਅੱਜ ਦੀ ਔਰਤ ਪੜ੍ਹੀ–ਲਿਖੀ ਹੈ, ਸਚੇਤ ਹੈ ਅਤੇ ਆਪਣੇ ਹੱਕਾਂ ਲਈ ਲੜਨ ਵਾਲੀ ਹੈ। ਉਹ ਮੌਕਿਆਂ ਦੀ ਮੰਗ ਨਹੀਂ ਕਰਦੀ, ਉਹ ਆਪਣਾ ਹੱਕ ਲੈਣੀ ਆਉਂਦੀ ਹੈ।

ਇਹ ਵੀ ਸੱਚ ਹੈ ਕਿ ਅਜੇ ਵੀ ਕਈ ਔਰਤਾਂ ਵੰਚਿਤ ਹਨ। ਉਹ ਅਸਮਾਨਤਾ, ਹਿੰਸਾ ਅਤੇ ਪੁਰਸ਼ ਪ੍ਰਧਾਨ ਸੋਚ ਦੇ ਭੇਂਵਰੇ ਵਿੱਚ ਫਸੀਆਂ ਹੋਈਆਂ ਹਨ। ਪਰ ਉਹ ਹਾਰ ਨਹੀਂ ਮੰਨਦੀਆਂ। ਹਰ ਰੁਕਾਵਟ ਦੇ ਵਿਰੁੱਧ ਖੜ੍ਹੀਆਂ ਔਰਤਾਂ ਹੀ ਨਵੇਂ ਇਤਿਹਾਸ ਦੀ ਰਚਨਾ ਕਰਦੀਆਂ ਹਨ। ਉਹਨਾਂ ਦੀ ਹਿੰਮਤ, ਢੀਠਤਾ ਅਤੇ ਆਤਮਵਿਸ਼ਵਾਸ ਹੀ ਭਵਿੱਖ ਦੀ ਨੀਂਹ ਰੱਖਦੇ ਹਨ।

ਸਮਾਜ ਦੀ ਤਰੱਕੀ ਔਰਤ ਦੇ ਮਾਣ ਤੇ ਨਿਰਭਰ ਕਰਦੀ ਹੈ। ਜਿੱਥੇ ਔਰਤ ਨੂੰ ਆਜ਼ਾਦੀ, ਇੱਜ਼ਤ ਅਤੇ ਸਮਾਨ ਹੱਕ ਮਿਲਦੇ ਹਨ, ਉੱਥੇ ਸਮਾਜ ਵਿਕਸਤ ਹੁੰਦਾ ਹੈ। ਜਦ ਤੱਕ ਅਸੀਂ ਔਰਤ ਨੂੰ ਪੂਰੀ ਤਰ੍ਹਾਂ ਮਾਨਤਾ ਨਹੀਂ ਦੇਵਾਂਗੇ, ਤਦ ਤੱਕ ਅਸੀਂ ਅਧੂਰੇ ਰਹਾਂਗੇ। ਔਰਤ ਦਾ ਰੋਲ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ, ਉਹ ਸਾਰਿਆਂ ਵਿੱਚ ਵਿਆਪਕ ਹੈ। ਉਸ ਦੀ ਇੱਜ਼ਤ ਕਰਨੀ ਸਿਰਫ਼ ਲਾਜ਼ਮੀ ਹੀ ਨਹੀਂ, ਬਲਕਿ ਇੱਕ ਜ਼ਿੰਮੇਵਾਰੀ ਹੈ।

**ਮੰਜੂ ਭਿੰਡਰ (ਰਾਇਕਾ )**

## ਫਿਰ ਨਾ ਕਿਹੋ ਦੱਸਿਆ ਨਹੀਂ

1 ਤਾਜ਼ੀ ਮਲਾਈ ਚ ਖੰਡ ਪਾਕੇ ਪਰੌਂਠੇ ਖਾਣ ਦਾ ਸੁਆਦ।
2 ਤਾਜ਼ੀ ਮਲਾਈ ਚ ਨਮਕ ਮਿਰਚ ਪਾਕੇ ਖਾਣਾ
3 ਬੇਹੀ ਰੋਟੀ ਨੂੰ ਗਰਮ ਕਰਕੇ ਉੱਤੇ ਨੂਣ ਭੁੱਕਕੇ ਖਾਣਾ।
4 ਚਿੱਬੜਾਂ ਦੀ ਚੱਟਣੀ ਤੇਂ ਨਾਲ ਲੱਸੀ।
5 ਚਾਹ ਨਾਲ ਬੂੰਦੀ ਭੁੱਜੀਆ।
6 ਲਾਲ ਮਿਰਚਾਂ ਰਗੜਕੇ ਲੱਸੀ ਵਿੱਚ ਪਾਕੇ ਰੋਟੀ ਖਾਣਾ।
7 ਗੰਢੇ ਟਮਾਟਰ ਦੀ ਚੱਟਣੀ ਉਪਰ ਤਾਜ਼ਾ ਮੱਖਣ ਰੱਖਕੇ ਰੋਟੀ ਖਾਣਾ।
8 ਮੁੱਕੀ ਮਾਰ ਕੇ ਗੰਢਾ ਭੰਨ ਕੇ ਖਾਣਾ।
9 ਸ਼ੱਕਰ ਘਿਓ ਨਾਲ ਰੋਟੀ ਲੰਘਾਉਣੀ
10 ਨਾਨੀ ਵਾਲੇ ਬਿਸਕੁਟ ਚਾਹ ਵਿੱਚ ਡਬੋ ਕੇ ਖਾਣੇ।
11 ਚਿੱਬੜ ਪਾਕੇ ਗਵਾਰੇ ਦੀਆਂ ਫਲੀਆਂ।
12 ਦੁੱਧ ਪਾਕੇ ਤੋਰੀਆਂ ਦੀ ਸਬਜ਼ੀ ਬਣਾਉਣਾ।
13 ਵੇਸ਼ਣ ਦੇ ਗੱਟੇ ਦੀ ਸਬਜ਼ੀ।
14 ਪੌਣੇ ਨਾਲ ਲੱਸੀ ਪੁਣਕੇ ਰਾਇਤਾ ਬਣਾਉਣਾ।
15 ਦੇਸੀ ਖੰਡ/ਸ਼ੱਕਰ ਪਾਕੇ ਚੂਰੀ ਬਣਾਉਣਾ।
16 ਗੁਲਗਲੇ ਅਤੇ ਪੂੜੇ।
17 ਆਲੂ ਪਿਆਜ਼ ਗੋਭੀ ਪਾਲਕ ਦੇ ਪਤੋੜ
18 ਦੁੱਧ ਵਿੱਚ ਪਾਕੇ ਜਲੇਬੀਆਂ।
19 ਗੁੜ ਦੇ ਚੌਲ ਤੇਂ ਪੀਲੇ ਚੌਲ ਜਰਦਾ।
20 ਹਰੀ ਮਿਰਚ ਤੇ ਪਿਆਜ਼ ਦੀ ਦੇਸੀ ਘਿਓ ਚ ਤੜਕੀ ਚੱਟਣੀ।

ਬਾਕੀ ਭਾਈ ਤੁਸੀ ਦੱਸ ਦਿਓਂ। ਆਪਾਂ ਤਾਂ ਬਰਗਰ ਪੀਜ਼ੇ ਡੋਸੇ ਸਬਵੇ ਚਊਂਮਿਨ ਮੁਮੋਜ਼ ਨੂੰ ਟੱਕਰ ਦੇਣੀ ਹੈ।



**ਰਮੇਸ਼ ਸੇਠੀ ਬਾਦਲ**

## ਪਿਤਾ ਦੀ ਸਿਰਤਾਜ ਧੀ

ਪਿਤਾ ਦਾ ਪਿਆਰ ਅਦਿੱਖ ਹੋ ਸਕਦਾ ਪਰ ਕਮਜ਼ੋਰ ਨਹੀਂ। ਜਿੰਦਗੀ ਦੇ ਰਸਤੇ ਬੜੇ ਹੀ ਤਕਲੀਫ ਦੇਣ ਵਾਲੇ ਤੇ ਕੰਡਿਆਂ ਵਾਂਗ ਚੁੱਭਣ ਵਾਲੇ ਹੁੰਦੇ ਨੇ, ਉਹਨਾਂ ਰਸਤਿਆਂ ਨੂੰ ਸੌਖਾ ਤੇ ਸੁੰਦਰ ਬਣਾਉਂਦਾ ਹੈ ਇਕ ਪਿਤਾ। ਖ਼ਾਸ ਕਰਕੇ ਆਪਣੀ ਧੀ ਲਈ ਇਕ ਪਿਤਾ ਪੂਰੀ ਦੁਨੀਆ ਦੀ ਪ੍ਰਵਾਹ ਛੱਡ ਕੇ ਉਸਨੂੰ ਆਜ਼ਾਦੀ ਦਿੰਦਾ ਹੈ। ਪਰ ਉਹ ਇਹ ਵੀ ਜਾਣਦਾ ਹੈ ਕਿ ਇਹ ਦੁਨੀਆਂ ਕਿਸੇ ਇਨਸਾਨ ਨੂੰ ਅੱਗੇ ਆਉਂਦਿਆਂ ਹੋਇਆਂ ਵੇਖ ਹੀ ਨਹੀਂ ਸਕਦੀ , ਖ਼ਾਸ ਕਰਕੇ ਇੱਕ ਕੁੜੀ ਨੂੰ ਤਾਂ ਬਿਲਕੁਲ ਵੀ ਨਹੀਂ। ਪਿਤਾ ਦੇ ਮਨ ਵਿੱਚ ਇਕ ਪਾਸੇ ਹੌਂਸਲਾ ਤੇ ਮਾਣ ਹੁੰਦਾ ਹੈ ਤੇ ਦੂਜੇ ਪਾਸੇ ਡਰ ਦੁਨੀਆਂ ਦਾ।

ਇੱਕ ਪਿਤਾ ਆਪਣੀ ਧੀ ਨੂੰ ਦੁਨੀਆਂ ਦੀ ਗੰਦੀ ਨਜ਼ਰ ਤੋਂ ਬਚਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਇੱਕ ਧੀ ਪਿਤਾ ਦੁਆਰਾ ਕਹੀਆਂ ਗੱਲਾਂ ਨੂੰ ਆਪਣੀ ਆਜ਼ਾਦੀ ਦੇ ਵਿਰੁੱਧ ਸਮਝਦੀ ਹੈ।



ਸਮਾਂ ਲੱਗਦਾ ਹੈ ਇਕ ਧੀ ਨੂੰ ਇਹ ਸਮਝਣ ਲੱਗਿਆਂ ਕਿ ਇਹ ਪਿਤਾ ਦੀ ਪਾਬੰਦੀ ਨਹੀਂ, ਪਿਆਰ ਹੁੰਦਾ ਹੈ। ਉਹ ਕਦੇ ਵੀ ਉਸਦੀ ਆਜ਼ਾਦੀ ਨੂੰ ਰੋਕਣਾ ਨਹੀਂ ਚਾਹੁੰਦਾ, ਸਗੋਂ ਦੁਨੀਆਂ ਤੋਂ ਉਸਦੀ ਰੱਖਿਆ ਕਰਦਾ ਹੈ।

**ਮਹਿਕ ਜੋਤ**

ਉਹ ਡਰਦੀ ਹੋਈ ਆਪਣੇ ਪਿਤਾ ਨੂੰ ਪੁੱਛਦੀ ਹੈ – "ਕਿਉਂ ਮੇਰੀ ਆਜ਼ਾਦੀ ਮੈਨੂੰ ਹੀ ਨਹੀਂ ਮਿਲੀ? ਕਿਉਂ ਮੇਰੇ ਹਾਸਿਆਂ ਤੇ ਮੇਰੇ ਸਵਾਲਾਂ 'ਤੇ ਵੀ ਪਾਬੰਦੀਆਂ ਨੇ? ਕਿਉਂ ਮੇਰਾ ਕਿਸੇ ਨਾਲ ਗੱਲ ਕਰਨਾ ਵੀ ਗੁਨਾਹ ਬਣ ਗਿਆ?"

ਫਿਰ ਪਿਤਾ ਆਪਣੀ ਚੁੱਪੀ ਨੂੰ ਤੋੜਦਾ ਹੈ ਤੇ ਕਹਿੰਦਾ ਹੈ– "ਧੀਏ, ਤੇਰੀ ਆਜ਼ਾਦੀ ਦੇ ਹੱਕ ਵਿੱਚ ਮੈਂ ਕਦੇ ਵੀ ਕੋਈ ਘਾਟ ਨਹੀਂ ਆਉਣ ਦਿੱਤੀ। ਪਰ ਹਕੀਕਤ ਇਹ ਵੀ ਹੈ ਕਿ ਇਹ ਦੁਨੀਆਂ ਤੇਰੇ ਖ਼ੁਆਬਾਂ ਵਰਗੀ ਨਹੀਂ। ਮੈਂ ਤੈਨੂੰ ਕਿਸੇ ਨਾਲ ਗੱਲ ਕਰਨ ਤੋਂ ਰੋਕਿਆ ਕਿਉਂਕਿ ਇਹ ਦੁਨੀਆਂ ਉਦਾਂ ਦੀ ਨਹੀਂ ਜਿਦਾਂ ਤੂੰ ਆਪਣੇ ਖ਼ੁਆਬਾਂ ਵਿੱਚ ਸੋਚਦੀ ਹੈ। ਇਹ ਦੁਨੀਆਂ ਤੈਨੂੰ ਨੁਕਸਾਨ ਵੀ ਪਹੁੰਚਾ ਸਕਦੀ ਹੈ ਤੇ ਤੇਰੇ ਨਾਲ ਕੁੱਝ ਗ਼ਲਤ ਵੀ ਕਰ ਸਕਦੀ ਹੈ। ਇਸ ਲਈ ਮੇਰਾ ਫਰਜ਼ ਬਣਦਾ ਹੈ ਮੈਂ ਆਪਣੀ ਧੀ ਨੂੰ ਸਹੀ ਰਸਤਾ ਦਿਖਾਵਾਂ। ਧੀਏ, ਤੂੰ ਮੇਰੇ ਸਿਰ ਦਾ ਤਾਜ ਏ, ਮੇਰਾ ਮਾਣ, ਹੌਂਸਲਾ ਤੇ ਭਰੋਸਾ ਸਭ ਤੂੰ ਹੀ ਤਾਂ ਹੈ।"

ਧੀ ਦੀਆਂ ਅੱਖਾਂ ਵਿੱਚ ਹੰਝੂ ਪਰ ਮਨ ਵਿੱਚ ਰੌਸ਼ਨੀ ਜਗ ਪਈ ਸੀ। ਉਹ ਸਮਝਣ ਲੱਗ ਪਈ ਸੀ ਕਿ ਜਿਸ ਗੱਲਾਂ ਨੂੰ ਉਹ ਆਪਣੀ ਆਜ਼ਾਦੀ ਪ੍ਰਤੀ ਰੋਕ ਸਮਝਦੀ ਸੀ,ਉਹ ਇੱਕ ਪਿਤਾ ਵੱਲੋਂ ਇੱਕ ਧੀ ਦੀ ਰਾਖੀ ਸੀ। ਉਹ ਆਪਣੇ ਆਪ ਨਾਲ ਇਹ ਵਾਇਦਾ ਕਰਦੀ ਹੈ ਕਿ "ਉਹ ਆਪਣੇ ਪਿਤਾ ਦਾ ਹੌਸਲਾ, ਵਿਸ਼ਵਾਸ, ਭਰੋਸਾ ਤੇ ਮਾਣ ਕਦੇ ਟੁੱਟਣ ਨਹੀਂ ਦੇਵੇਗੀ।÷

"ਪਿਤਾ ਦੀ ਚੁੱਪ ਪਿਆਰ ਦੀ ਉਚਾਈ ਹੁੰਦੀ ਹੈ। ਜੋ ਸਿਰਫ਼ ਇੱਕ ਧੀ ਦੀ ਧੜਕਣ ਹੀ ਸਮਝ ਸਕਦੀ ਹੈ।"

## ਪਿਓ ਹੁੰਦਾ ਹੈ ਪਿਓ ਓ ਦੁਨੀਆਂ ਵਾਲਿਓ

ਇੱਕੋ ਦਿਨ ਨਈਂ ਹੁੰਦਾ ਬਾਪੂ ਦਾ ,
ਪਿਓ ਦਾ ਤਾਂ ਹਰ ਇੱਕ ਦਿਨ ਹੁੰਦੈ ।
ਜਾਂ ਫ਼?ਰ ਤੁਸੀਂ ਦੱਸੋ ਕਿ ਕਿਹੜੀ ਰਾਤ,
ਕਿਹੜਾ ਦਿਵਸ ਤਾਂ ਬਾਪੂ ਬਿਨ ਹੁੰਦੈ ।
ਭਾਵੇਂ ਲੱਖਾਂ ਈ ਚਾਚੇ ਤਾਏ ਹੋਣ ,
ਪਰ ਬਾਪੂ ਦੀ ਥਾਵੇਂ ਨਾ ਖੜ੍ਹ ਸਕਦੇ ;
ਇੱਕ ਬਾਪੂ ਤੋਂ ਬਿਨਾਂ ਪਹਾੜ ਜਿੱਡਾ ,
ਹਰ ਇੱਕ ਪਲ ਹੁੰਦੈ ਹਰ ਛਿਣ ਹੁੰਦੈ ।



**ਮੂਲ ਚੰਦ ਸ਼ਰਮਾ**
**ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ**
**ਧੂਰੀ ਜਿਲ੍ਹਾ ਸੰਗਰੂਰ ।**

**9914836037**

# ਮੁੰਬਈ ਅਤੇ ਨਾਂਦੇੜ ਵਿਚਕਾਰ ਦੌੜੇਗੀ ਵੰਦੇ ਭਾਰਤ ਐਕਸਪ੍ਰੈਸ

## ਮਹਾਰਾਸ਼ਟਰ ਸਿੱਖ ਐਸੋਸੀਏਸ਼ਨ 'ਚ ਖੁਸ਼ੀ ਦੀ ਲਹਿਰ

**ਅੰਮ੍ਰਿਤਸਰ** - ਰੇਲਵੇ ਮੰਤਰਾਲੇ ਵੱਲੋਂ ਮੁੰਬਈ ਤੋਂ ਨਾਂਦੇੜ ਅਤੇ ਨਾਂਦੇੜ ਤੋਂ ਮੁੰਬਈ ਵਿਚਕਾਰ ਵੰਦੇ ਭਾਰਤ ਐਕਸਪ੍ਰੈਸ ਸੇਵਾ ਨੂੰ ਮਨਜ਼ੂਰੀ ਦੇਣ ਦਾ ਇਤਿਹਾਸਕ ਅਤੇ ਲੰਬੇ ਸਮੇਂ ਤੋਂ ਲਏ ਫੈਸਲੈ ਨੂੰ ਮਿਲੀ ਮੰਨਜ਼ੂਰੀ ਜਿਸ ਨਾਲ ਸਿੱਖ ਭਾਈਚਾਰੇ ਅਤੇ ਗੁਰੂ ਨਾਨਕ ਲੇਵਾ ਸੰਗਤ ਲਈ ਬਹੁਤ ਮਾਣ ਅਤੇ ਖੁਸ਼ੀ ਦੀ ਲਹਿਰ ਦੌੜ ਗਈ ਹੈ



ਇਹ ਮੰਗ ਪਿਛਲੇ ਕਈ ਸਾਲਾਂ ਤੋਂ ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਦੀ ਅਗਵਾਈ ਹੇਠ ਵੱਖ-ਵੱਖ ਪੱਧਰਾਂ 'ਤੇ ਲਗਾਤਾਰ ਉਠਾਈ ਜਾ ਰਹੀ ਸੀ। ਹੁਣ ਇਹ ਸੁਪਨਾ ਸੱਚ ਹੋ ਗਿਆ ਹੈ। ਇਹ ਐਲਾਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੇ ਦਰਸ਼ਨ ਕਰਨ ਵਾਲੇ ਲੱਖਾਂ ਸ਼ਰਧਾਲੂਆਂ ਲਈ ਰਾਹਤ ਅਤੇ ਖੁਸ਼ੀ ਦਾ ਵਿਸ਼ਾ ਬਣ ਕੇ ਆਇਆ ਹੈ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਆਖਰੀ ਪਲ ਬਿਤਾਏ ਸਨ ਇਹ ਰੇਲ ਗੱਡੀ ਨੰਬਰ 20705 (ਨਾਂਦੇੜ-ਮੁੰਬਈ): ਸਵੇਰੇ 5:00 ਵਜੇ ਰਵਾਨਗੀ, ਦੁਪਹਿਰ 2:25 ਵਜੇ ਮੁੰਬਈ ਪਹੁੰਚਣਾ ਜਿਸਦਾ ਠਹਰਾਅ ਪਰਭਣੀ, ਜਾਲਨਾ, ਛਤਰਪਤੀ ਸੰਭਾਜੀਨਗਰ ਹੋਵੇਗਾ

ਇਸੇ ਤਰ੍ਹਾਂ ਹੀ ਰੇਲ ਗੱਡੀ ਨੰਬਰ 20706 (ਮੁੰਬਈ-ਨਾਂਦੇੜ): ਦੁਪਹਿਰ 1:10 ਵਜੇ ਰਵਾਨਗੀ, ਰਾਤ ??10:50 ਵਜੇ ਨਾਂਦੇੜ ਪਹੁੰਚਣਾ ਜਿਸਦਾ ਠਹਰਾਅ: ਛਤਰਪਤੀ ਸੰਭਾਜੀਨਗਰ, ਜਾਲਨਾ, ਪਰਭਣੀ ਹੋਵੇਗਾ

ਇਹ ਤੇਜ਼, ਆਧੁਨਿਕ ਰੇਲ ਸੇਵਾ ਯਾਤਰੀਆਂ ਨੂੰ ਉੱਚ ਪੱਧਰੀ ਆਰਾਮ ਪ੍ਰਦਾਨ ਕਰੇਗੀ ਅਤੇ ਤੀਰਥ ਯਾਤਰਾ ਨੂੰ ਆਸਾਨ ਬਣਾਏਗੀ। ਇਹ ਨਾਂਦੇੜ ਦੇ ਧਾਰਮਿਕ, ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਨੂੰ ਵੀ ਇੱਕ ਨਵੀਂ ਪਛਾਣ ਦੇਵੇਗੀ ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਦੇ ਕਨਵੀਨਰ ਬਲ ਮਲਕੀਤ ਸਿੰਘ ਨੇ ਇਸ ਮੌਕੇ 'ਤੇ ਕਿਹਾ ਕਿ ÷ਇਹ ਸਮੁੱਚੇ ਸਿੱਖ ਭਾਈਚਾਰੇ ਅਤੇ ਗੁਰੂ ਨਾਨਕ ਲੇਵਾ ਸੰਗਤ ਲਈ ਇਤਿਹਾਸਕ ਖੁਸ਼ੀ ਦਾ ਪਲ ਹੈ। ਅਸੀਂ ਸਾਲਾਂ ਤੋਂ ਵੱਖ-ਵੱਖ ਮੰਚਾਂ 'ਤੇ ਇਸ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਉਂਦੇ ਆ ਰਹੇ ਹਾਂ। ਗੁਰੂ ਮਹਾਰਾਜ ਦੀ ਕਿਰਪਾ ਅਤੇ ਸੰਗਤ ਦੀ ਏਕਤਾ ਕਾਰਨ, ਸਾਡੀ ਆਵਾਜ਼ ਸੁਣੀ ਗਈ ਹੈ। ਅਸੀਂ ਇਸ ਇਤਿਹਾਸਕ ਫੈਸਲੇ ਲਈ ਮਾਨਯੋਗ ਪ੍ਰਧਾਨ ਮੰਤਰੀ, ਕੇਂਦਰ ਅਤੇ ਰਾਜ ਸਰਕਾਰਾਂ ਅਤੇ ਰੇਲਵੇ ਬੋਰਡ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਇਹ ਵੰਦੇ ਭਾਰਤ ਸੇਵਾ ਲੱਖਾਂ ਸ਼ਰਧਾਲੂਆਂ ਲਈ ਜੀਵਨ ਰੇਖਾ ਸਾਬਤ ਹੋਵੇਗੀ।ਇਹ ਫੈਸਲਾ ਸਿਰਫ਼ ਯਾਤਰੀਆਂ ਦੀ ਸਹੂਲਤ ਦਾ ਵਿਸਥਾਰ ਨਹੀਂ ਹੈ, ਸਗੋਂ ਮਹਾਰਾਸ਼ਟਰ ਅਤੇ ਭਾਰਤ ਵਿੱਚ ਸਿੱਖ ਵਿਰਾਸਤ ਪ੍ਰਤੀ ਸਤਿਕਾਰ ਅਤੇ ਸੰਵੇਦਨਸ਼ੀਲਤਾ ਦਾ ਸਬੂਤ ਵੀ ਹੈ।

## ਜਹਾਜ਼ ਹਾਦਸੇ ਦੌਰਾਨ ਹੋਈਆਂ ਮੌਤਾਂ 'ਤੇ ਦੇਸ਼ ਵਿੱਚ ਸ਼ੋਕ ਦੀ ਲਹਿਰ, ਹਾਦਸੇ ਦੀ ਹੋਵੇ ਨਿਆਇਕ ਜਾਂਚ- ਸਰੀਨ

**ਅੰਮ੍ਰਿਤਸਰ ( ਅੰਮ੍ਰਿਤਾ ਭਗਤ )**

**ਅਹਿਮਦਾਬਾਦ** ਤੋਂ ਲੰਡਨ ਜਾ ਰਹੇ ਏਅਰ ਇੰਡੀਆ ਜਹਾਜ਼ ਦੇ ਕਰੇਸ਼ ਹੋਣ ਸਮੇਂ ਹੋਈਆਂ ਮੌਤਾਂ ਤੇ ਕਾਂਗਰਸ ਸੇਵਾ ਦਲ ਪੰਜਾਬ ਦੇ ਜਨਰਲ ਸੈਕਰੇਟਰੀ ਪ੍ਰਿੰਸੀਪਲ ਸੰਦੀਪ ਸਰੀਨ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।



ਉਨ੍ਹਾਂ ਕਿਹਾ ਕਿ ਇਸ ਜਹਾਜ਼ ਵਿੱਚ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਹੋਰ 242 ਦੇ ਕਰੀਬ ਮੁਸਾਫ਼ਰ ਸਵਾਰ ਸਨ। ਲੰਡਨ ਜਾ ਰਹੇ ਇਸ ਜਹਾਜ਼ ਵਿੱਚ ਸਵਾਰ ਲੋਕਾਂ ਦੀ ਮੌਤ ਹੋਣ ਕਰਕੇ ਇਸ ਘਟਨਾ ਨਾਲ ਪੂਰੇ ਦੇਸ਼ ਦਾ ਦਿਲ ਦਹਿਲ ਗਿਆ ਹੈ। ਇਸ ਭਿਆਨਕ ਹਾਦਸੇ ਵਿੱਚ ਆਪਣੀਆਂ ਜਾਨਾਂ ਗੁਆਉਣ ਵਾਲੇ ਸਾਰੇ ਯਾਤਰੀਆਂ, ਚਾਲਕ ਦਲ ਦੇ ਮੈਂਬਰਾਂ ਅਤੇ ਜ਼ਮੀਨ 'ਤੇ ਮਾਰੇ ਗਏ ਨਿਰਦੋਸ਼ ਨਾਗਰਿਕਾਂ ਪ੍ਰਤੀ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ। ਉਹਨਾਂ ਕਿਹਾ ਕਿ ਇਸ ਹਾਦਸੇ ਦੀ ਨਿਆਇਕ ਜਾਂਚ ਹੋਣੀ ਚਾਹੀਦੀ ਹੈ, ਤਾਂ ਜੋ ਦੇਸ਼ ਵਾਸੀਆਂ ਦੇ ਸਾਹਮਣੇ ਸੱਚ ਸਾਹਮਣੇ ਆ ਸਕੇ।

# ਟਾਂਗਰਾ ਵਿਖੇ ਕਰਵਾਇਆ ਗਿਆ ਯੁੱਧ ਨਸ਼ਿਆਂ ਵਿਰੁੱਧ ਸਮਾਗਮ

**ਅੰਮ੍ਰਿਤਸਰ** - ਬਾਬਾ ਮੇਜਰ ਸਿੰਘ ਵੱਲੋਂ ਪਿੰਡ ਟਾਂਗਰਾ ਵਿਖੇ ਚੌਹਾਨ ਪੈਲੇਸ ਵਿੱਚ ਯੁੱਧ ਨਸ਼ਿਆਂ ਵਿਰੁੱਧ ਦੇ ਸਬੰਧ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ ਜਿਸ ਵਿੱਚ ਲੀਗਲ ਸੈਲ ਲੋਕ ਸੇਵਾ ਸੁਸਾਇਟੀ ਰਜਿ ਦੇ ਪ੍ਰਧਾਨ ਜੀਐਸ ਬਾਜ ਐਡਵੋਕੇਟ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਤੇ ਜੀਐਸ ਬਾਜ ਨੇ ਬਾਬਾ ਮੇਜਰ ਸਿੰਘ ਜੀ ਨੂੰ ਵਿਸ਼ਵਾਸ ਦਵਾਇਆ ਕਿ ਉਹ ਉਹਨਾਂ ਵੱਲੋਂ ਚਲਾਏ ਗਏ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਵਿੱਚ ਆਪਣੀ ਲੀਗਲ ਸੈਲ ਲੋਕ ਸੇਵਾ ਸੁਸਾਇਟੀ ਵੱਲੋਂ ਪੂਰਾ ਸਾਥ ਦੇਣ ਦੇਣਗੇ ਉਨਾਂ ਨੇ ਆਖਿਆ ਕਿ ਨਸ਼ਿਆਂ ਵਿਰੁੱਧ ਕੋਈ ਵੀ ਕਾਨੂੰਨੀ ਲੜਾਈ ਲੜਨ ਲਈ ਉਹ ਹਮੇਸ਼ਾ ਬਾਬਾ ਮੇਜਰ ਸਿੰਘ ਜੀ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲਣਗੇ।



# ਗੈਰ ਕਾਨੂੰਨੀ ਪਟਾਕਾ ਫੈਕਟਰੀ ਦੇ ਧਮਾਕੇ ਦੀ ਜਾਂਚ ਕਰਵਾਈ ਜਾਵੇ ਜਮਹੂਰੀ ਅਧਿਕਾਰ ਸਭਾ

**ਬਠਿੰਡਾ** : - ਸ੍ਰੀ ਮੁਕਤਸਰ ਜ਼ਿਲ੍ਹੇ ਦੇ ਲੰਬੀ ਹਲਕੇ ਦੇ ਪਿੰਡ ਸਿੰਘੇਵਾਲਾ/ਫਤੂਹੀ ਵਾਲਾ ਚ ਇੱਕ ਗੈਰ ਕਾਨੂੰਨੀ ਪਟਾਕਾ ਫੈਕਟਰੀ ਚ 29-30 ਮਈ ਦੀ ਦਰਮਿਆਨੀ ਰਾਤ ਨੂੰ ਹੋਏ ਧਮਾਕੇ ਦੀ ਜਮਹੂਰੀ ਅਧਿਕਾਰ ਸਭਾ ਨੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਸਭਾ ਦੇ ਜਿਲਾ ਪ੍ਰਧਾਨ ਪ੍ਰਿੰ ਬੱਗਾ ਸਿੰਘ, ਸਕੱਤਰ ਅਵਤਾਰ ਸਿੰਘ ਤੇ ਪ੍ਰੈਸ ਸਕੱਤਰ ਡਾ ਅਜੀਤਪਾਲ ਸਿੰਘ ਨੇ ਦੱਸਿਆ ਕਿ ਇਸ ਧਮਾਕੇ ਨਾਲ ਫੈਕਟਰੀ ਦੀ ਦੋ ਮੰਜ਼ਿਲਾ ਇਮਾਰਤ ਮਲਬੇ ਵਿਚ ਬਦਲ ਗਈ ਅਤੇ ਮਲਬੇ ਹੇਠਾਂ ਆ ਕੇ ਪੰਜ ਪ੍ਰਵਾਸੀ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 34 ਤੋਂ ਵੱਧ ਹੋਰ ਜਖਮੀ ਹੋ ਗਏ। 28 ਜਖਮੀਆਂ ਨੂੰ ਏਮਜ ਵਿੱਚ ਦਾਖਲ ਕਰਵਾਇਆ ਗਿਆ। ਸਭਾ ਦੇ ਮੈਂਬਰ ਏਮਸ ਹਸਪਤਾਲ ਵਿੱਚ ਦੋ ਜਖਮੀਆਂ ਨੂੰ ਮਿਲੇ ਅਤੇ ਉਹਨਾਂ ਦੇ ਇਲਾਜ ਸਬੰਧੀ ਜਾਣਕਾਰੀ ਲਈ ਇੱਕ ਨੂੰ ਵੈਂਟੀਲੇਟਰ ਤੇ ਰੱਖਿਆ ਹੋਇਆ ਸੀ ਤੇ ਦੂਜਾ ਦੇ ਸਿਰ ਤੇ ਜਖਮ ਸੀ। ਜਖਮੀਆਂ ਚ ਇੱਕ ਛੇ ਸਾਲ ਦਾ ਬੱਚਾ ਇਸ਼ਾਨ ਵੀ ਸ਼ਾਮਿਲ ਹੈ। ਜ਼ਖਮੀਆਂ ਵਿੱਚੋਂ ਕਿਸੇ ਨੂੰ ਵੀ ਅਜੇ ਕੋਈ ਮੁਆਵਜ਼ਾ ਨਹੀਂ ਮਿਲਿਆ ਹੈ ਅਤੇ ਨਾ ਹੀ ਇਲਾਜ ਦਾ ਤੇ ਉਹਨਾਂ ਦੀਆਂ ਦਿਹਾੜੀਆਂ ਨਾ ਲੱਗਣ ਕਾਰਨ ਖਰਚਾ ਦਿੱਤਾ ਗਿਆ ਹੈ • ਜਦੋਂ ਧਮਕਾ ਹੋਇਆ ਉਦੋਂ 40 ਲੋਕ ਅੰਦਰ ਸਨ , ਜਿੰਨਾ ਚ ਜਿਆਦਾਤਰ ਸੁੱਤੇ ਹੋਏ ਸਨ ਤੇ ਕੁਝ ਕੰਮ ਕਰ ਰਹੇ ਸਨ। ਮ੍ਰਿਤਕ ਤੇ ਜਖਮੀ ਉੱਤਰ ਪ੍ਰਦੇਸ਼ ਤੇ ਬਿਹਾਰ ਦੇ ਰਹਿਣ ਵਾਲੇ ਸਨ। ਇਹ ਫੈਕਟਰੀ ਆਮ ਆਦਮੀ ਪਾਰਟੀ ਦੇ ਵਰਕਰ ਤਰਸੇਮ ਸਿੰਘ ਵਾਸੀ ਫਤੂਹੀ ਵਾਲਾ ਦੀ ਹੈ। ਧਮਾਕਾ ਇੰਨਾ ਜ਼ਬਰਦਸਤੀ ਕਿ ਇਹ ਦੀ ਆਵਾਜ਼ 8 ਕਿਲੋਮੀਟਰ ਦੂਰ ਤੱਕ ਸੁਣੀ ਗਈ। ਇਮਾਰਤ ਦਾ ਮਤਲਬ 500 ਮੀਟਰ ਤੱਕ ਫੈਲ ਗਿਆ • ਜਖਮੀਆਂ ਨੂੰ ਏਮਜ਼ ਅਤੇ ਬਾਦਲ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਸੂਤਰਾਂ ਮੁਤਾਬਿਕ ਫੈਕਟਰੀ ਵਿੱਚ ਪਟਾਕੇ ਬਣਾਉਣ ਦਾ ਕੰਮ ਉੱਤਰ ਪ੍ਰਦੇਸ਼ ਦੇ ਹਾਥਰਸ ਦੇ ਰਹਿਣ ਵਾਲੇ ਠੇਕੇਦਾਰ ਰਾਜਕੁਮਾਰ ਅਧੀਨ ਕੀਤਾ ਜਾਂਦਾ ਸੀ। ਵਿਸਫੋਟਿਕ ਪਦਾਰਥ ਸਪਲਾਈ ਕਰਨ ਵਾਲਾ ਕੋਈ ਪ੍ਰਸ਼ਾਂਤ ਗੋਇਲ ਦੱਸਿਆ ਜਾਂਦਾ ਹੈ • ਪੈਕਿੰਗ ਯੂਨਿਟ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਮੁਤਾਬਕ 40 ਮਜ਼ਦੂਰ ਸ਼ਿਫਟਾਂ ਚ ਕੰਮ ਕਰਦੇ ਸਨ ਅਤੇ ਜਿਨਾਂ ਚੋਂ ਕੁਝ ਆਪਣੇ ਪਰਿਵਾਰਾਂ ਨਾਲ ਉੱਥੇ ਰਹਿੰਦੇ ਸਨ • ਮਾਲਕ ਤਰਸੇਮ ਸਿੰਘ ਨੇ ਇਹ ਪਟਾਕੇ ਬਣਾਉਣ ਵਾਲੀ ਫੈਕਟਰੀ ਸਿਰਫ ਪੰਜ ਮਹੀਨੇ ਪਹਿਲਾਂ ਲਾਈ ਸੀ • ਕਾਰੀਗਰ ਅਰੁਣ ਸਕਸੈਨਾ ਨੇ ਦੱਸਿਆ ਕਿ ਉਹ ਦੇਰ ਰਾਤ ਫੈਕਟਰੀ ਦੇ ਸਾਹਮਣੇ ਸੌਂ ਹੋ ਰਿਹਾ ਸੀ ਕਿ ਅਚਾਨਕ ਧਮਾਕਾ ਹੋਇਆ ਤੇ ਕੁਝ ਹੀ ਪਲਾਂ ਵਿੱਚ ਪੂਰੀ ਇਮਾਰਤ ਮਲਬੇ ਵਿੱਚ ਬਦਲ ਗਈ। ਹਾਦਸੇ ਤੋਂ ਬਾਅਦ ਤਲਾਸ਼ੀ ਦੌਰਾਨ 150 ਪੇਟੀ ਪਟਾਕੇ ਕਾਰਗਰ ਕੰਪਨੀ ਦੇ ਬਰਾਮਦ ਹੋਏ ਹਨ। ਫੈਕਟਰੀ ਮਾਲਕ ਤਰਸੇਮ ਨੇ ਆਪਣੀ ਅੱਧਾ ਏਕੜ ਜਮੀਨ ਤੇ ਪੰਜ ਮਹੀਨੇ ਪਹਿਲਾਂ ਇਹ ਫੈਕਟਰੀ ਲਾਈ ਸੀ। ਉਸ ਨੇ ਆਪਣੇ ਪੁੱਤਰ ਦੇ ਨਾਂ ਤੇ ਪ੍ਰਸ਼ਾਸਨ ਨੂੰ ਲਾਈਸੈਂਸ ਲਈ ਅਰਜੀ ਦਿੱਤੀ ਪਰ ਲਾਇਸੰਸ ਮਿਲਣ ਤੋਂ ਪਹਿਲਾਂ ਹੀ ਉਸ ਨੇ ਫੈਕਟਰੀ ਸ਼ੁਰੂ ਕਰ ਦਿੱਤੀ। ਫੈਕਟਰੀ ਦੀ ਦੋ ਮੰਜ਼ਿਲਾ ਇਮਾਰਤ ਦੀ ਪਹਿਲੀ ਮੰਜ਼ਿਲ ਤੇ ਮਜ਼ਦੂਰਾਂ ਦੇ ਰਹਿਣ ਵਾਲੇ ਕਮਰੇ ਸਨ , ਜਿੱਥੇ ਜ਼ਿਆਦਾਤਰ ਮਜ਼ਦੂਰ ਰਾਤ ਨੂੰ ਇੱਕੋ ਕਮਰੇ ਚ ਸੌਂਦੇ ਸਨ।

ਡਿਪਟੀ ਕਮਿਸ਼ਨਰ ਮੁਤਾਬਿਕ ਪ੍ਰਸ਼ਾਸਨ ਨੇ ਫੈਕਟਰੀ ਨੂੰ ਇਜਾਜ਼ਤ ਅਜੇ ਨਹੀਂ ਦਿੱਤੀ ਸੀ। ਇਹ ਗੈਰ ਕਾਨੂੰਨੀ ਢੰਗ ਨਾਲ ਚੱਲ ਰਹੀ ਸੀ। ਵਿਸਫੋਟਕ ਨਿਯਮ 2008 ਤਹਿਤ ਅਜਿਹੇ ਕੰਮ ਦੀ ਇਜਾਜ਼ਤ ਜਰੂਰੀ ਹੋ ਜਾਂਦੀ ਹੈ। ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਨੀ ਬਣਦੀ ਹੈ। ਪਹਿਲਾਂ ਇਹ ਸਾਰੇ ਜਣੇ ਬਲਮਗੜ ਹਰਿਆਣਾ ਇਸੇ ਕਿਸਮ ਦੀ ਫੈਕਟਰੀ ਵਿੱਚ ਕੰਮ ਕਰਦੇ ਸਨ। ਹਸਪਤਾਲ ਚੋਂ ਰਲੀਵ ਹੋ ਕੇ 20-25 ਮਜਦੂਰ ਯੂ ਪੀ ਵਾਪਸ ਚਲੇ ਗਏ। ਦੋ ਮਹੀਨਿਆਂ ਤੋ ਮਜਦੂਰਾਂ ਨੂੰ ਕੋਈ ਤਨਖਾਹ ਨਹੀਂ ਦਿੱਤੀ ਗਈ। ਪਟਾਕੇ ਬਣਾਉਣ ਦਾ ਕੰਮ ਥਾਂ ਬਦਲ ਬਦਲ ਕੇ ਕੀਤਾ ਜਾਦਾ ਹੈ। ਸਭਾ ਦੇ ਆਗੂਆਂ ਨੇ ਇਹ ਮੰਗ ਕੀਤੀ ਹੈ ਕਿ ਮਜ਼ਦੂਰਾਂ ਨੂੰ ਉਹਨਾਂ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਜਿਹੜੀ ਤਨਖਾਹ ਦੋ ਤਿੰਨ ਮਹੀਨਿਆਂ ਤੋਂ ਨਹੀਂ ਦਿੱਤੀ ਗਈ , ਉਹ ਜਾਰੀ ਕੀਤੀ ਜਾਵੇ ਇਲਾਜ ਦਾ ਖਰਚਾ ਦਿੱਤਾ ਜਾਵੇ ਅਤੇ ਜਿਹੜਾ ਉਹਨਾਂ ਦੀਆਂ ਦਿਹਾੜੀਆਂ ਹੁਣ ਨਹੀਂ ਲੱਗ ਰਹੀਆਂ ਉਹਨਾਂ ਦੀ ਵੀ ਭਰਪਾਈ ਕੀਤੀ ਜਾਵੇ।

# ਦੀ ਫਿਰੋਜ਼ਪੁਰ ਕੈਂਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ ਫਿਰੋਜ਼ਪੁਰ ਕੈਂਪ ਲਗਾਇਆ

**ਫਿਰੋਜ਼ਪੁਰ - (ਮਨੋਹਰ ਲਾਲ)** :— ਦੀ ਫਿ?ਰੋਜ਼ਪੁਰ ਕੈਂਟ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ ਫਿ?ਰੋਜ਼ਪੁਰ ਵਿਖੇ ਨਾਬਾਰਡ ਵੱਲੋਂ ਅੰਤਰਰਾਸ਼ਟਰੀ ਸਰਕਾਰੀ ਸਲਾਨਾ ਕੈਂਪ ਲਗਾਇਆ ਗਿਆ, ਜਿਸ ਦੀ ਅਗਵਾਈ ਨਾਬਾਰਡ ਦੇ ਜਿ?ਲ੍ਹਾ ਮੈਨੇਜਰ ਸ੍ਰੀ ਰੋਹਿਤ ਕਸ਼ਪ ਨੇ ਕੀਤੀ। ਇਸ ਕੈਂਪ ਵਿਚ ਵੱਖ—ਵੱਖ ਕੋਆਪਰੇਟਿਵ ਅਦਾਰਿਆਂ ਦੇ ਅਫਸਰਾਂ, ਕਰਮਚਾਰੀਆਂ, ਬੈਂਕ ਦੇ ਅਧਿਕਾਰੀਆਂ, ਕਿਸਾਨਾਂ, ਸੁਸਾਇਟੀ ਦੇ ਸੈਕਟਰੀਆਂ, ਕਿਸਾਨਾਂ ਨੇ ਭਾਗ ਲਿਆ। ਕੈਂਪ ਵਿਚ ਸ੍ਰੀ ਰੋਹਿਤ ਕਸ਼ਪ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਹਿਕਾਰਤਾ ਵਿਭਾਗ ਨੂੰ ਨਾਬਾਰਡ ਦੇ ਸਹਿਯੋਗ ਨਾਲ ਬੈਂਕ ਰਾਹੀਂ ਕਿਸਾਨਾਂ ਨੂੰ ਘੱਟ ਵਿਆਜ ਤੇ ਕਰਜੇ, ਬੀਜ, ਖਾਦ, ਨੈਟਵਰਕਿੰਗ ਬੀਮਾ ਆਦਿ ਵਰਗੀਆਂ ਸਹੂਲਤਾਂ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਨਾਬਾਰਡ ਨਾਲ ਮਹਿਲਾਵਾਂ ਅਤੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਜੁੜ ਕੇ ਫਾਇਦਾ ਲੈਣਾ ਚਾਹੀਦਾ ਹੈ। ਇਸ ਮੌਕੇ ਤੇ ਵੱਖ—ਵੱਖ ਅਦਾਰਿਆਂ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬਲਜੀਤ ਸਿੰਘ ਜਿ?ਲ੍ਹਾ ਮੈਨੇਜਰ ਪੀ.ਏ.ਡੀ.ਬੀਜ਼ ਫਿਰੋਜ਼ਪੁਰ, ਵੇਦ ਪ੍ਰਕਾਸ਼ ਮੈਨੇਜਰ ਪੀ.ਏ.ਡੀ.ਬੀ ਫਿ?ਰੋਜ਼ਪੁਰ, ਜਗਦੀਸ਼ ਸਿੰਘ ਇੰਸਪੈਕਟਰ ਸਹਿਕਾਰੀ ਸਭਾਵਾਂ, ਬਲਵੀਰ ਸਿੰਘ ਚੇਅਰਮੈਨ ਪੀ.ਏ.ਡੀ.ਬੀ ਫਿ?ਰੋਜ਼ਪੁਰ ਆਦਿ ਨੇ ਇਕੱਠ ਵਿਚ ਹਿੱਸਾ ਲਿਆ।




# ਸਾਈਆਂ ਵਾਲਾ ਪਰਿਵਾਰ ਦੀ ਇਲਾਕੇ ਨੂੰ ਵੱਡੀ ਦੇਣ—ਫੈਡਰੇਸ਼ਨ ਮਹਿਤਾ

**ਫਿਰੋਜ਼ਪੁਰ - (ਮਨੋਹਰ ਲਾਲ)** :— ਇਲਾਕੇ ਦੀ ਨਾਮਵਰ ਸਖਸ਼ੀਅਤ ਰਤਿੰਦਰ ਸਿੰਘ ਸਾਈਆਂ ਵਾਲਾ ਜ਼ੋ ਪਿਛਲੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਆਗੂਆਂ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ ਤੇ ਸਾਥੀਆਂ ਨੇ ਕਿਹਾ ਕਿ ਇਸ ਪਰਿਵਾਰ ਦੀ ਮਹਿੰਦਰ ਸਿੰਘ ਸਾਈਆਂ ਵਾਲਾ ਤੋਂ ਲੈ ਕੇ ਹੁਣ ਤੱਕ ਸਾਰੇ ਪਰਿਵਾਰ ਦੀ ਇਲਾਕੇ ਨੂੰ ਇਕ ਵੱਡੀ ਭਾਰੀ ਦੇਣ ਹੈ, ਕਿਉਂਕਿ ਇਸ ਪਰਿਵਾਰ ਨੇ ਲਗਾਤਾਰ ਇਮਾਨਦਾਰੀ ਨਾਲ ਬਗੈਰ ਕਿਸੇ ਲਾਲਚ ਤੋਂ ਇਲਾਕੇ ਦੀ ਸੇਵਾ ਕੀਤੀ ਹੈ, ਜਿਸ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਭਾਈ ਜ਼ਸਪਾਲ ਸਿੰਘ ਤੇ ਸਾਥੀਆਂ ਨੇ ਅੱਗੇ ਕਿਹਾ ਕਿ ਸੇਵਾ ਅਤੇ ਕੁਰਬਾਨੀ ਦੇ ਜਜ਼ਬੇ ਨਾਲ ਜੁੜੇ ਇਸ ਪਰਿਵਾਰ ਨੇ ਹੁਣ ਤੱਕ ਕੁਰਬਾਨੀਆਂ ਦੇ ਕੇ ਆਪਣੇ ਅਕਸ ਨੂੰ ਦਾਗ ਨਹੀਂ ਲੱਗਣ ਦਿੱਤਾ, ਜਿਸ ਕਰਕੇ ਅੱਜ ਸਾਰਾ ਇਲਾਕਾ ਰਤਿੰਦਰ ਸਿੰਘ ਸਾਈਆਂ ਵਾਲਾ ਨੂੰ ਯਾਦ ਕਰ ਰਿਹਾ ਹੈ ਅਤੇ ਹੁਣ ਸਾਰੇ ਇਲਾਕੇ ਨੂੰ ਅਸੀਸਪ੍ਰੀਤ ਸਿੰਘ ਸਾਈਆਂ ਵਾਲਾ ਤੇ ਮਾਸਾ ਹਨ ਅਤੇ ਉਮੀਦ ਹੈ ਕਿ ਉਸੇ ਤਰ੍ਹਾਂ ਉਹ ਵੀ ਇਕ ਇਮਾਨਦਾਰੀ ਤੇ ਸੇਵਾ ਦੀ ਇਕ ਮਿਸਾਲ ਕਾਇਮ ਰੱਖੇਗਾ। ਇਸ ਸਮੇਂ ਭਾਈ ਜ਼ਸਪਾਲ ਸਿੰਘ ਤੇ ਨਾਲ ਡਾ: ਗੁਰਮੀਤ ਸਿੰਘ ਜਿਲ੍ਹਾ ਪ੍ਰਧਾਨ ਸ਼ਹਿਰੀ, ਜ਼ਸਬੀਰ ਸਿੰਘ ਤੇਗਾ ਸਿੰਘ ਵਾਲਾ ਜਿ?ਲ੍ਹਾ ਪ੍ਰਧਾਨ ਦਿਹਾਤੀ, ਗੁਰਦਰਸ਼ਨ ਸਿੰਘ ਬੱਬੀ, ਕੁਲਦੀਪ ਸਿੰਘ ਨੰਢਾ ਸ਼ਹਿਰੀ ਪ੍ਰਧਾਨ, ਕਿਰਨਦੀਪ ਸਿੰਘ ਪੱਲਾ ਅਤੇ ਸੁਰਜੀਤ ਸਿੰਘ ਆਦਿ ਹਾਜ਼ਰ ਸਨ।




# ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਲਾਕ ਸਮਾਣਾ ਦੀ ਹੋਈ ਮੀਟਿੰਗ

## ਵੱਧ ਤੋਂ ਵੱਧ ਨੌਜਵਾਨ ਕਿਸਾਨਾਂ ਨੂੰ ਜਥੇਬੰਦੀ ਵਿੱਚ ਜੁੜਨ ਦੀ ਕੀਤੀ ਅਪੀਲ

**ਸਮਾਣਾ** -: ਭਾਰਤੀ ਕਿਸਾਨ ਯੂਨੀਅਨ ਡਕੌਂਦਾ ਜਥੇਬੰਦੀ ਦੇ ਪਟਿਆਲਾ ਜਿਲੇ ਦੇ ਪ੍ਰੈਸ ਸਕੱਤਰ ਟਹਿਲ ਸਿੰਘ ਕੱਕੇਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਤੀ 11-6-2025 ਨੂੰ ਬਲਾਕ ਸਮਾਣਾ ਦੀ ਮੀਟਿੰਗ ਗੁਰਦੁਆਰਾ ਸ੍ਰੀ ਢੈਠਲ ਸਾਹਿਬ ਵਿਖੇ ਬਲਾਕ ਸਮਾਣਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਫਤਿਹ ਮਾਜਰੀ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਜਥੇਬੰਦੀ ਦੇ ਕੰਮ ਕਾਜ ਕਰਨ ਲਈ ਪਿੰਡਾਂ ਵਿੱਚੋਂ ਫੰਡ ਇਕੱਠਾ ਕੀਤਾ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਬਲਾਕ ਸਮਾਣਾ ਦੇ ਪਿੰਡਾਂ ਵਿੱਚ ਭਰਮੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ ਜਿਸ ਨਾਲ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਜਥੇਬੰਦੀ ਵਿੱਚ ਨੌਜਵਾਨ ਕਿਸਾਨਾਂ ਨੂੰ ਜਥੇਬੰਦੀ ਵਿੱਚ ਵੱਧ ਤੋਂ ਵੱਧ ਜੋੜਿਆ ਜਾਵੇਗਾ ਅਤੇ ਆਗੂਆਂ ਨੇ ਨੌਜਵਾਨ ਕਿਸਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਨੌਜਵਾਨ ਕਿਸਾਨ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਜਥੇਬੰਦੀ ਵਿੱਚ ਜੁੜਨ ਤਾਂ ਕਿ ਇਕ ਝੰਡੇ ਥੱਲੇ ਹੋ ਕੇ ਕਿਸਾਨੀ ਦੀ ਆਵਾਜ਼ ਬੁਲੰਦ ਕਰਨ ਲਈ ਹੱਕ ਸੱਚ ਦੀ ਲੜਾਈ ਲੜੀ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਟਹਿਲ ਸਿੰਘ ਕੱਕੇਪੁਰ ਜਿਲਾ ਪ੍ਰੈਸ ਸਕੱਤਰ, ਸੁਖਵਿੰਦਰ ਸਿੰਘ ਫਤਿਹ ਮਾਜਰੀ ਬਲਾਕ ਪ੍ਰਧਾਨ ਸਮਾਣਾ, ਗੁਰਦੀਪ ਸਿੰਘ ਦੀਪਾ ਬਲਵੇੜਾ ਸੀਨੀਅਰ ਮੀਤ ਪ੍ਰਧਾਨ ਬਲਾਕ ਸਮਾਣਾ, ਗੁਰਮੀਤ ਸਿੰਘ ਮਵੀ ਸੱਪਾਂ ਖਜਾਨਚੀ ਬਲਾਕ ਸਮਾਣਾ, ਬਲਵੀਰ ਸਿੰਘ ਮਵੀ ਸੱਪਾਂ ਜਥੇਬੰਦਕ ਸਕੱਤਰ ਬਲਾਕ ਸਮਾਣਾ, ਮਹਿੰਦਰ ਸਿੰਘ ਬਲਬੇੜਾ, ਗਮਦੂਰ ਸਿੰਘ ਭਾਨਰੀ, ਮੰਗੀ ਭਾਨਰੀ, ਗੋਲਡੀ ਭਾਨਰੀ, ਬਿਕਰਮ ਸਿੰਘ ਮੱਦੋਂ ਮਾਜਰਾ, ਚਮਕੌਰ ਸਿੰਘ ਫਤਿਹ ਮਾਜਰੀ, ਤਰਸੇਮ ਸਿੰਘ ਕੱਕੇਪੁਰ, ਡਾਕਟਰ ਸੀਤਾ ਰਾਮ ਸਸੀ ਬ੍ਰਾਹਮਣਾ ਆਦਿ ਹੋਰ ਬਹੁਤ ਸਾਰੇ ਕਿਸਾਨ ਆਗੂ ਸ਼ਾਮਿਲ ਸਨ।



# ਦਲਿਤਾਂ ਨਾਲ ਜ਼ਿਆਦਤੀ ਦੇ ਮੁੱਦੇ ਤੇ ਸ੍ਰ ਚਰਨਜੀਤ ਸਿੰਘ ਚੰਨੀ ਨਾਲ ਸਨਤਾਮ ਸਿੰਘ ਗਿੱਲ ਨੇ ਟੀਮ ਸਮੇਤ ਕੀਤੀ ਮਿਲਣੀ

## ਜਾਤੀ ਵਿਤਕਰੇ ਅਤੇ ਪਰਸਾਸ਼ਨਿਕ ਮਾਮਲਿਆਂ ਤੇ ਕੀਤੀ ਚਰਚਾ, ਅਫਸਰਾਂ ਦੀ ਪਿੱਠ ਥਪਥਪਾਉਂਣ ਦਾ ਚੱਕਿਆ ਮੁੱਦਾ

**ਝਬਾਲ,ਦਲਜੀਤ ਸਿੰਘ ਚੱਡਾ**

ਦਲਿਤਾਂ ਦੇ ਸਮਾਜਿਕ ਮੁੱਦਿਆਂ ਦੀ ਠੋਸ ਢੰਗ ਨਾਲ ਸੰਸਦ 'ਚ ਪੈਰਵਾਈ ਕਰਨ ਦੀ ਮੰਗ ਨੂੰ ਲੈਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਅਤੇ ਚੇਅਰਮੈਨ ਪੰਜਾਬ ਸ੍ਰ ਸੰਦੀਪ ਸਿੰਘ ਰਾਜੂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਚੰਨੀ ਅਤੇ ਮੈਂਬਰ ਪਾਰਲੀਮੈਂਟ ਨਾਲ ਮੁਲਾਕਾਤ ਕੀਤੀ।



ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਨਾਲ ਮੀਟਿੰਗ ਦੌਰਾਨ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ,ਚੇਅਰਮੈਨ ਸੰਦੀਪ ਸਿੰਘ ਤੇ ਸਾਥੀ ਸਮਾਜਿਕ ਮੁੱਦੇ ਤੇ ਚਰਚਾ ਕਰਦੇ ਹੋਏ।

ਇਸ ਮੁਲਾਕਾਤ ਦੌਰਾਨ ਸਤਨਾਮ ਸਿੰਘ ਗਿੱਲ ਨੇ ਦਲਿਤ ਹਲਕਿਆਂ 'ਚ ਭੇਦ-ਭਾਵ ਅਤੇ ਵਿਤਕਰੇ ਨੂੰ ਲੈਕੇ ਪ੍ਰਾਸ਼ਨਿਕ ਪੱਧਰ ਤੇ ਅਣ-ਸੁਣਿਆ ਕਰਨ ਅਤੇ ਨਜ਼ਰ ਅੰਦਾਜ਼ ਕੀਤੇ ਜਾ ਰਹੇ ਭਾਈਚਾਰੇ ਪ੍ਰਤੀ ਸਕਰਾਤਮਕ ਪਹੁੰਚ ਅਪਨਾਉਂਣ ਲਈ ਅਪੀਲ ਕੀਤੀ।

ਸ੍ਰ: ਗਿੱਲ ਨੇ ਸ੍ਰ ਚੰਨੀ ਕੋਲ ਸੂਬੇ 'ਚ ਵੱਖ-ਵੱਖ ਵਿਭਾਗਾਂ 'ਚ ਨੌਕਰੀ ਕਰ ਰਹੇ ਵਿਭਾਗੀ ਮਾਮਲਿਆਂ 'ਚ ਕਰਮਚਾਰੀਆਂ ਨੂੰ ਰਾਹਤ ਦਵਾਉਂਣ ਅਤੇ ਵਿਭਾਗੀ ਤਰੱਕੀ 'ਚ ਆ ਰਹੀਆਂ ਅੜਚਨਾ ਦੂਰ ਕਰਨ ਦੇ ਮਾਮਲੇ 'ਚ ਠੋਕਵੀਂ ਵਕਾਲਤ ਕਰਨ ਦੀ ਤਾਕੀਦ ਕੀਤੀ। ਘੱਟ ਗਿਣਤੀ ਲੋਕ ਭਲਾਈ ਸੰਸਥਾ ਰਜਿ ਦੇ ਵਫ਼ਦ 'ਚ ਸ਼ਾਮਿਲ ਚੇਅਰਮੈਂਨ ਸੰਦੀਪ ਸਿੰਘ, ਹਰਪਾਲ,ਸਿੰਘ,ਮਿਲਨ ਸਿੰਘ ਗਿੱਲ, ਪੀਏ ਗੁਰਪ੍ਰੀਤ ਸਿੰਘ ਖਾਲਸਾ, ਅੰਮ੍ਰਿਤਪਾਲ ਸਿੰਘ ਕਲਿਆਣ, ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਡਾ ਸੁਖਚੈਨ ਸਿੰਘ ਘੁੰਮਣ ਆਦਿ ਨੇ ਸ੍ਰ:ਚਰਨਜੀਤ ਸਿੰਘ ਚੰਨੀ ਨੂੰ ਅਪੀਲ ਕਰਦਿਆਂ ਸੱਦਾ ਦਿੱਤਾ ਕਿ ਸਰਹੱਦੀ ਇਲਾਕੇ ਦਿਆਂ ਪਿੰਡਾਂ 'ਚ ਗਰੀਬ ਪ੍ਰੀਵਾਰਾਂ ਨੂੰ ਮਿਲਣ ਦਾ ਪ੍ਰੋਗਰਾਮ ਰੱਖੋ।

ਉਨਾਂ ਨੇ ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਚੰਨੀ ਦੇ ਧਿਆਨ 'ਚ ਪੁਲੀਸ ਪ੍ਰਸਾਸ਼ਨ ਦੀ ਇੱਕ ਪਾਸੜ ਭੂਮਿਕਾ ਬਾਰੇ ਚਰਚਾ ਕਰਦਿਆਂ ਕਿਹਾ ਕਿ ਗਰੀਬਾਂ ਨੂੰ ਪੁਲਿਸ ਦੁਆਰਾ ਝੂਠੇ ਕੇਸਾਂ 'ਚ ਫਸਾਉਂਣ ਦੇ ਮਾਮਲਿਆਂ ਨਾਲ ਨਜਿੱਠਣ ਲਈ ਵੀ ਉਹ ਨੀਤੀ ਐਲਾਨਣ।

ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ ਨੇ ਨਸ਼ਿਆਂ ਦੀ ਆੜ ਹੇਠ ਗਰੀਬ ਦੇ ਘਰ ਢੈਹਿ ਢੇਰੀ ਕਰਨ,ਨਸ਼ਿਆਂ 'ਚ ਫਸਾਉਂਣ ਅਤੇ ਕਥਿਤ ਸ਼ੈਹਿ ਤੇ ਬੱਚਿਆਂ ਨੂੰ ਗੈਂਗਸਟਰਾਂ ਦੀ ਸ੍ਰੇਣੀ ਦੀ ਸੂਚੀ 'ਚ ਸਾਮਿਲ ਕਰਨ ਦੀ ਪੁਲੀਸ ਨੀਤੀ ਨੂੰ ਖੰਘਾਲਣ ਲਈ ਰਾਜਪਾਲ ਪੰਜਾਬ ਨਾਲ ਚਰਚਾ ਕਰਨ ਦੀ ਸਲਾਹ ਵੀ ਦਿੱਤੀ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ੍ਰ ਚਰਨਜੀਤ ਸਿੰਘ ਚੰਨੀ ਨੇ ਸਤਨਾਮ ਸਿੰਘ ਗਿੱਲ ਅਤੇ ਉਸ ਦੀ ਟੀਮ ਦੇ ਮੈਂਬਰਾ ਨਾਲ ਸਹਿਚਾਰਕ ਮੁਲਾਕਾਤ ਕਰਨ ਤੋਂ ਬਾਅਦ ਮੀਡੀਆਂ ਨੂੰ ਰੂ ਬ ਰੂ ਹੁੰਦਿਆਂ ਦੱਸਿਆ ਕਿ ਪਿੰਡ ਜੋਧੇ ਤੋਂ ਇੱਕ ਪੰਜਾਬ ਹਿਤੈਸ਼ੀਆਂ ਦਾ ਡੈਪੂਟੇਸ਼ਨ ਮੈਨੂੰ ਮਿਲਿਆ ਹੈ।

ਉਹਨਾਂ ਦੀ ਪੰਜਾਬ ਦੇ ਹਿੱਤਾਂ ਪ੍ਰਤੀ ਜਿਤਾਈ ਫ਼ਿਕਰਮੰਦੀ ਨਾਲ ਮੈਂ ਇਤਫ਼ਾਕ ਰੱਖਦਾ ਹਾਂ,ਉਨਾਂ ਨੇ ਮੇਰੇ ਪਾਸ ਨੌਕਰਸ਼ਾਹ ਸ੍ਰੇਣੀ 'ਚ ਵਿਭਾਗ ਅੜਚਣਾ 'ਚ ਫਸੇ ਅਫ਼ਸਰਾਂ ਅਤੇ ਅਧਿਕਾਰੀਆਂ ਦੇ ਹੱਕਾਂ ਅਤੇ ਹਿੱਤਾਂ ਦੀ ਵਕਾਲਤ ਕਰਨ ਲਈ ਸੁਝਾਅ ਦਿੱਤਾ ਹੈ।

ਮੈਂ ਅੱਜ ਪ੍ਰੈਸ ਦੇ ਸਾਹਮਣੇ ਰਸਮੀਂ ਐਲਾਨ ਕਰਦਾ ਹਾਂ ਕਿ ਅਜਿਹੀਆਂ ਸਮਾਜ ਸੈਣੀ ਜੱਥੇਬੰਦੀਆਂ ਨੂੰ ਨਾਲ ਲੈਕੇ ਸਿਆਸੀ ਹਲਕਿਆਂ 'ਚ ਵਿਚਰ ਰਹੇ ਅਤੇ ਦੱਬੇ-ਕੁਚਲੇ ਸਮਾਜ ਨਾਲ ਹਰ ਪੱਧਰ ਤੇ ਹੋ ਰਹੀ ਜ਼ਿਆਦਤੀ ਨੂੰ ਠੱਲ੍ਹਣ ਲਈ ਠੋਸ ਨੀਤੀ ਹੋਂਦ 'ਚ ਲੈਕੇ ਆਵਾਂਗੇ।

ਸਾਬਕਾ ਸੀ.ਐਮ ਪੰਜਾਬ ਨੇ ਕਿਹਾ ਕਿ ਅਸੀ ਪੰਜਾਬ ਦੇ ਲੋਕਾਂ ਦੇ ਨੁਮਾਈਦੇ ਹਾਂ,ਇਸ ਲਈ ਅਸੀ ਹਰ ਵਰਗ ਨੂੰ ਨਾਲ ਲੈਕੇ ਚੱਲਣਾ ਹੈ। ਉਨਾਂ ਨੇ ਕਿਹਾ ਅਸੀਂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਬੇਅਸਰ ਕਰਨ ਲਈ ਪੜਾਅਵਾਰ ਪ੍ਰੋਗਰਾਮ ਉਲੀਕ ਰਹੇ ਹਾਂ,ਉਨਾਂ ਨੇ ਕਾਂਗਰਸ ਪਾਰਟੀ ਦੇ ਜੁਝਾਰੂ ਸਾਥੀਆਂ ਨੂੰ ਮੈਦਾਨ 'ਚ ਦ੍ਰਿੜਤਾ ਨਾਲ ਠੱਲਣ ਲਈ ਹੋਕਾ ਦਿੱਤਾ ਹੈ।

# ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂਆਂ ਤੇ ਵਰਕਰਾਂ ਨੇ ਕੀਤਾ ਰੋਹ ਮੁਜ਼ਾਹਰਾ

**ਫਿਰੋਜ਼ਪੁਰ - (ਮਨੋਹਰ ਲਾਲ)** :— ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਅੱਜ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਨੀਤੀਆਂ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਅੱਜ ਵੱਡੀ ਗਿਣਤੀ ਇਕੱਠੇ ਹੋਏ ਮੁਲਾਜ਼ਮਾਂ ਵੱਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਰੱਖੇ ਧਰਨੇ ਅਤੇ ਪ੍ਰਦਰਸ਼ਨ ਦੀ ਅਗਵਾਈ ਭਜਨ ਸਿੰਘ ਸੂਬਾਈ ਮੀਤ ਪ੍ਰਧਾਨ ਵੱਲੋਂ ਕੀਤੀ ਗਈ। ਇਸ ਮੌਕੇ ਸ੍ਰੀ ਭਜਨ ਸਿੰਘ, ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ, ਕਰਮਜੀਤ ਸਿੰਘ ਜਥੇਬੰਦਕ ਸਕੱਤਰ, ਕੁਲਵੰਤ ਸਿੰਘ ਲੁਧਿਆਣਾ, ਬਚਿੱਤਰ ਸਿੰਘ ਮੋਗਾ, ਜਗਦੀਸ਼ ਕੁਮਾਰ ਜਲੰਧਰ, ਬਹਾਦਰ ਸਿੰਘ ਲੁਧਿਆਣਾ ਨੇ ਸ਼ਮੂਲੀਅਤ ਕੀਤੀ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜੀ ਕਰਦਿਆਂ ਸਰਕਾਰ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕਾਂ ਪਰ ਡਾਕਾ ਨਾ ਮਾਰਨ ਦੀ ਅਪੀਲ ਕੀਤੀ। ਇਸ ਮੌਕੇ ਗੁਰਚਰਨ ਸਿੰਘ ਚੱਕ ਰਿਟਾਇਰਡ ਵਣ ਰੇਂਜ ਅਫਸਰ, ਮੇਜਰ ਸਿੰਘ ਬੇਲਦਾਰ, ਗੁਰਦੇਵ ਸਿੰਘ ਵਣ ਗਾਰਡ, ਮਨਜੀਤ ਸਿੰਘ ਪਟਿਆਲਾ, ਸਜਨ ਸਿੰਘ, ਦਰਬਾਰਾ ਸਿੰਘ ਬੇਲਦਾਰ ਲੁਧਿਆਣਾ ਸਮੇਤ ਹੋਰ ਬਹੁਤ ਵੱਡੀ ਗਿਣਤੀ ਵਿਚ ਵਣ ਪੈਨਸ਼ਨਰਾਂ ਨੇ ਸਿ?ਰਕਤ ਕਰਕੇ ਸਰਕਾਰ ਵਿਰੁੱਧ ਨਾਅਰੇਬਾਜੀ ਕਰਦਿਆਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦਾ ਐਲਾਨ ਕੀਤਾ।



# ਗੜ੍ਹਸ਼ੰਕਰ ’ਚ ਨਹੀਂ ਰੁਕ ਰਿਹਾ ਗੈਰ-ਕਾਨੂੰਨੀ ਮਿੱਟੀ ਮਾਫ਼ੀਆ: ਨਿਮਿਸ਼ਾ ਮਹਿਤਾ

## ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਚੱਲ ਰਿਹਾ ਇਹ ਗੋਰਖ ਧੰਦਾ: ਮਹਿਤਾ

**ਗੜ੍ਹਸ਼ੰਕਰ - (ਰਾਕੇਸ਼ ਕੁਮਾਰ)**- ਹਲਕਾ ਗੜ੍ਹਸ਼ੰਕਰ ਵਿਚ ਮਿੱਟੀ ਮਾਫ਼ੀਆ ਵੱਲੋਂ ਅੰਨ੍ਹੇਵਾਹ ਚੱਲ ਰਹੀ ਮਾਈਨਿੰਗ ਦੇ ਮਸਲੇ ਨੂੰ ਆੜੇ ਹੱਥੀਂ ਲੈਂਦੇ ਭਾਜਪਾ ਦੀ ਹਲਕਾ ਇੰਚਾਰਜ ਨਿਮਿਸ਼ਾ ਮਹਿਤਾ ਨੇ ਕਿਹਾ ਕਿ ਇਲਾਕੇ ਵਿਚ ਮਿੱਟੀ ਮਾਫ਼ੀਆ ਗੈਂਗ ਦਾ ਗੈਰ-ਕਾਨੂੰਨੀ ਖਣਨ ਇਸ ਵੇਲੇ ਸਿਖ਼ਰਾਂ ’ਤੇ ਚੱਲ ਰਿਹਾ ਹੈ ਅਤੇ ਇਹ ਸਾਰਾ ਗੋਰਖ਼ਧੰਦਾ ਬਕਾਇਦਾ ਪੁਲਿਸ, ਮਾਈਨਿੰਗ ਅਤੇ ਟਰਾਂਸਪੋਰਟ ਵਿਭਾਗ ਦੇ ਅਫ਼ਸਰਾਂ ਦੀ ਮਿਲੀਭੁਗਤ ਨਾਲ ਚੱਲ ਰਿਹਾ ਹੈ।

ਭਾਜਪਾ ਆਗੂ ਨੇ ਕਿਹਾ ਕਿ ਹਲਕੇ ਵਿਚ ਸਿਰਫ਼ ਕੁੱਝ ਬੰਦਿਆਂ ਵੱਲੋਂ ਗਿਰੋਹ ਬਣਾ ਕੇ ਮਿੱਟੀ ਪੁਟਾਈ ਅਤੇ ਢੁਆਈ ਦਾ ਮਾਫ਼ੀਆ ਚਲਾਇਆ ਜਾ ਰਿਹਾ ਹੈ ਅਤੇ ਇਹ ਖਣਨ ਮਾਫ਼ੀਏ ਵਾਲਿਆਂ ਦੇ ਟਰੈਕਟਰਾਂ ’ਤੇ ਨਾ ਕਿਤੇ ਨੰਬਰ ਪਲੇਟ ਹੁੰਦੀ ਹੈ ਅਤੇ ਨਾ ਹੀ ਵਾਹਨ ਚਾਲਕਾਂ ਕੋਲ ਡਰਾਈਵਿੰਗ ਲਾਇਸੈਂਸ ਹੁੰਦਾ ਹੈ। ਪਰ ਫਿਰ ਵੀ ਰੋਜ਼ਾਨਾ ਮਿੱਟੀ ਨਾਲ ਲੱਦੀਆ ਸੈਂਕੜੇ ਟਰੈਕਟਰ-ਟਰਾਲੀਆਂ ਹਲਕਾ ਗੜ੍ਹਸ਼ੰਕਰ ਦੇ ਮੁੱਖ ਚੌਂਕਾਂ, ਥਾਣਿਆਂ ਅਤੇ ਚੌਂਕੀਆਂ ਅੱਗੋ ਲੰਘਦੀਆਂ ਹਨ। ਪਰ ਪੁਲਿਸ ਨੂੰ ਇਹ ਨਜ਼ਰ ਨਹੀਂ ਆਉਂਦੇ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਟਰੈਫਿਕ ਨਿਯਮਾਂ ਦੀ ਪਾਲਣਾ ਲਈ ਆਮ ਲੋਕਾਂ ਦੇ ਚਲਾਨ ਕੱਟਣ ਵਾਲੀ ਪੁਲਿਸ ਇਨ੍ਹਾਂ ਮਿੱਟੀ ਮਾਫ਼ੀਆ ਦੇ ਟਰੈਕਟਰਾਂ ਨੂੰ ਅਣਦੇਖਿਆਂ ਕਰਕੇ ਇਹ ਭੁੱਲ ਜਾਂਦੀ ਹੈ ਕਿ ਟਰੈਕਟਰ-ਟਰਾਲੀ ਕਮਰਸ਼ੀਅਲ ਕੰਮਾਂ ਲਈ ਨਹੀਂ ਵਰਤੇ ਜਾ ਸਕਦੇ। ਨਿਮਿਸ਼ਾ ਮਹਿਤਾ ਨੇ ਕਿਹਾ ਕਿ ਜਗ?ਹਾ-ਜਗਹਾ ਮਿੱਟੀ ਦੀ ਪੁਟਾਈ ਜੇ. ਸੀ. ਬੀ. ਮਸ਼ੀਨਾਂ ਨਾਲ 10 ਫੁੱਟ ਤੱਕ ਕੀਤੀ ਜਾ ਰਹੀ ਹੈ ਅਤੇ ਮਾਈਨਿੰਗ ਵਿਭਾਗ ਜਾਣਬੁੱਝ ਕੇ ਅੱਖਾਂ ਬੰਦ ਕਰਕੇ ਬੈਠਾ ਹੈ ਜਦਕਿ ਨਾ ਤਾਂ ਢਾਈ ਫੁੱਟ ਤੋਂ ਵੱਧ ਪੁਟਾਈ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਇਹ ਪੁਟਾਈ ਜੇ. ਸੀ. ਬੀ. ਮਸ਼ੀਨਾਂ ਨਾਲ ਕੀਤੀ ਜਾ ਸਕਦੀ ਹੈ ਪਰ ਸ਼ਰੇਆਮ ਕਾਨੂੰਨ ਦੀਆਂ ਮਾਈਨਿੰਗ ਵਿਭਾਗ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਨਿਮਿਸ਼ਾ ਮਹਿਤਾ ਨੇ ਦੱਸਿਆ ਕਿ ਟਰੈਕਟਰ-ਟਰਾਲੀਆਂ ਦੇ ਇਸ ਮਾਫ਼ੀਆ ਨਾਲ ਹਾਦਸਿਆਂ ਵਿਚ 5 ਵਿਅਕਤੀ ਜਾਨ ਗੁਆ ਚੁੱਕੇ ਹਨ ਅਤੇ ਟਰਾਂਸਪੋਰਟ ਵਿਭਾਗ ਦੇ ਕੰਨ੍ਹ ’ਤੇ ਜੂੰ ਤੱਕ ਨਹੀਂ ਸਰਕੀ ਹੈ। ਉਨ੍ਹਾਂ ਅਫ਼ਸਰਾਂ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਬਿਹਤਰ ਹੋਵੇਗਾ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ ਨਹੀਂ ਤਾਂ ਉਹ ਫਿਰ ਆਪਣੇ ਤਰੀਕੇ ਨਾਲ ਸਬਕ ਪੜ੍ਹਾਣਗੇ।



# ਆਰ.ਟੀ.ਓ. ਮੋਹਾਲੀ ਵਲੋਂ ਟਰੈਫ਼ਕ ਤੇ ਟਰਾਂਸਪੋਰਟ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਤੇ ਕਾਰਵਾਈ

## 12 ਵਾਹਨਾਂ ਦੇ 6 ਲੱਖ ਦੇ ਚਲਾਨ ਕੀਤੇ

**ਮੋਹਾਲੀ - ( ਅਸ਼ੋਕ ਜੋਸ਼ੀ )**- ਸੜਕ ਸੁਰੱਖਿਆ ਅਤੇ ਟਰਾਂਸਪੋਰਟ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਖੇਤਰੀ ਟ?ਰਾਂਸਪੋਰਟ ਦਫ਼ਤਰ ਵਲੋਂ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਇਸ ਦੌਰਾਨ 12 ਵਾਹਨਾਂ ਨੂੰ ਉਲੰਘਣਾ ਦੇ ਚਲਾਨ ਜਾਰੀ ਕੀਤੇ ਗਏ, ਜੋ 6 ਲੱਖ ਰੁਪਏ ਦੇ ਬਣਦੇ ਹਨ। ਰੀਜਨਲ ਟਰਾਂਸਪੋਰਟ ਅਫਸਰ, ਰਾਜਪਾਲ ਸਿੰਘ ਸੇਖੋਂ ਅਨੁਸਾਰ ਇਨ੍ਹਾਂ ਚਲਾਨਾਂ ਵਿੱਚ ਮੁੱਖ ਤੌਰ ’ਤੇ ਟੈਕਸ ਦੀ ਚੋਰੀ, ਓਵਰਲੋਡਿੰਗ ਅਤੇ ਮੋਟਰ ਵਾਹਨ ਕਾਨੂੰਨ ਦੀਆਂ ਹੋਰ ਉਲੰਘਣਾਵਾਂ ਸ਼ਾਮਲ ਸਨ। ਇਹ ਕਾਰਵਾਈ ਵਪਾਰਕ ਵਾਹਨਾਂ ਦੀ ਲੰਬੀ ਰਾਤ ਚੈਕਿੰਗ ਦੌਰਾਨ ਕੀਤੀ ਗਈ।




ਆਰ.ਟੀ.ਓ. ਨੇ ਦੱਸਿਆ ਕਿ ਅਜਿਹੀਆਂ ਜਾਂਚ ਮੁਹਿੰਮਾਂ ਅਗਲੇ ਦਿਨਾਂ ਵਿੱਚ ਵੀ ਜਾਰੀ ਰਹਿਣਗੀਆਂ, ਤਾਂ ਜੋ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖਤੀ ਕੀਤੀ ਜਾ ਸਕੇ।

ਟਰਾਂਸਪੋਰਟ ਵਿਭਾਗ ਨੇ ਵਾਹਨ ਮਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਦਸਤਾਵੇਜ਼ ਠੀਕ ਰੱਖਣ, ਟੈਕਸ ਸਮੇਂ ਤੇ ਜਮਹਾਂ ਕਰਨ ਅਤੇ ਓਵਰਲੋਡਿੰਗ ਤੋਂ ਗੁਰੇਜ਼ ਕਰਨ।

# ਸਵੈ-ਇਛੁੱਕ ਖ਼ੂਨਦਾਨ ਕੈਂਪ ਅੱਡਾ ਝੁੰਗੀਆਂ ਵਿਖੇ 19 ਜੂਨ ਨੂੰ: ਅਜਾਇਬ ਸਿੰਘ ਬੋਪਾਰਾਏ

**ਗੜ੍ਹਸ਼ੰਕਰ - (ਰਾਕੇਸ਼ ਕੁਮਾਰ)**- ਵਾਇਸ ਆਫ ਦਾ ਪੀਪਲਜ਼ ਅਤੇ ਬਲੱਡ ਡੋਨਰਜ਼ ਕਲੱਬ ਇਲਾਕਾ ਬੀਤ (ਪੰਜਾਬ ਤੇ ਹਿਮਾਚਲ) ਵੱਲੋਂ ਅੱਡਾ ਝੁੰਗੀਆਂ ਵਿਖੇ ਸਵੈ ਇਛੁੱਕ ਖ਼ੂਨਦਾਨ ਕੈਂਪ 19 ਜੂਨ ਨੂੰ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਇਸ ਆਫ ਪੀਪਲਜ਼ ਦੇ ਕਨਵੀਨਰ ਅਤੇ ਸਮਾਜ ਸੇਵੀ ਅਜਾਇਬ ਸਿੰਘ ਬੋਪਾਰਾਏ ਨੇ ਦੱਸਿਆ ਕਿ ਬਲੱਡ ਡੋਨਰਜ਼ ਕਲੱਬ ਇਲਾਕਾ ਬੀਤ ਦੇ ਸਹਿਯੋਗ ਨਾਲ ਅਤੇ ਪੀਜੀਆਈ ਚੰਡੀਗੜ੍ਹ ਦੇ



ਤਕਨੀਕੀ ਸਹਿਯੋਗ ਨਾਲ ਸਵੈ ਇਛੁੱਕ ਖ਼ੂਨਦਾਨ ਕੈਂਪ 19 ਜੂਨ ਦਿਨ ਵੀਰਵਾਰ ਨੂੰ ਮਾਤਾ ਸ਼ੀਤਲਾ ਮੰਦਿਰ ਅੱਡਾ ਝੁੰਗੀਆਂ ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਜਾ ਰਿਹਾ ਹੈ। ਇਸ ਮੌਕੇ ਅਜਾਇਬ ਸਿੰਘ ਬੋਪਾਰਾਏ ਨੇ ਕਿਹਾ ਕਿ ਪੀਜੀਆਈ ਚੰਡੀਗੜ੍ਹ ਵਿਖੇ ਮਰੀਜ਼ਾਂ ਦੀ ਗਿਣਤੀ ਨੂੰ ਦੇਖਦੇ ਹੋਏ ਖ਼ੂਨ ਦੀ ਭਾਰੀ ਕਮੀਂ ਹੈ। ਜਿਸ ਦੇ ਮੱਦੇਨਜਰ ਸਾਡੇ ਵਲੋਂ ਇਹ ਇੱਕ ਛੋਟਾ ਜਿਹਾ ਉਪਰਾਲਾ ਹੈ। ਜਿਸ ਨੂੰ ਸਫਲ ਬਣਾਉਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ। ਉਨ੍ਹਾਂ ਇਲਾਕੇ ਦੀ ਨੌਜਵਾਨ ਪੀੜ੍ਹੀ ਨੂੰ ਇਸ ਖ਼ੂਨਦਾਨ ਕੈਂਪ ਵਿੱਚ ਵੱਧ ਚੜ੍ਹਕੇ ਪਹੁੰਚਣ ਦੀ ਅਪੀਲ ਕੀਤੀ।

# ਯੂਥ ਕਾਂਗਰਸੀ ਆਗੂ ਗੁਰਪ੍ਰੀਤ ਜਾਣੀਆਂ ਭਾਜਪਾ ’ਚ ਸ਼ਾਮਿਲ

**ਜੰਡਿਆਲਾ ਗੁਰੂ - ( ਗੁਰਦੇਵ ਸਿੰਘ ਮਨਜੋਤਰਾਂ)**- ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਜਾਣੀਆਂ ਵਿਖੇ ਭਾਰਤੀ ਜਨਤਾ ਪਾਰਟੀ ਨੂੰ ਉਸ ਸਮੇਂ ਬਲ

**ਭਾਜਪਾ ਹੀ ਸੂਬੇ ਨੂੰ ਬਿਹਤਰ ਬਣਾ ਸਕਦੀ ਹੈ : ਹਰਦੀਪ ਗਿੱਲ**

ਮਿਲਿਆ ਜਦੋਂ ਪ੍ਰਮੁੱਖ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਗੋਪੀ ਨੇ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ। ਇਸ ਮੌਕੇ ’ਤੇ ਹਲਕਾ ਜੰਡਿਆਲਾ ਗੁਰੂ ਦੇ



ਭਾਜਪਾ ਇੰਚਾਰਜ ਹਰਦੀਪ ਸਿੰਘ ਗਿੱਲ ਨੇ ਸ਼ਾਮਿਲ ਹੋਏ ਨੌਜਵਾਨ ਆਗੂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਅਤੇ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦੇਣ ਦਾ ਭਰੋਸਾ ਦਿਵਾਇਆ। ਹਰਦੀਪ ਸਿੰਘ ਗਿੱਲ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਪ੍ਰਤੀ ਲੋਕਾਂ ਵਿੱਚ ਦਿਨੋ ਦਿਨ ਵਿਸ਼ਵਾਸ ਵੱਧ ਰਿਹਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਲੋਕ ਭਲਾਈ ਦੀਆਂ ਸਕੀਮਾਂ ਕਰਕੇ ਗਰੀਬ ਤੇ ਦਲਿਤ ਵਰਗ ਭਾਜਪਾ ਨਾਲ ਜੁੜ ਰਿਹਾ ਹੈ। ਉਨਾਂ ਕਿਹਾ ਕਿ ਸੂਬੇ ਦਾ ਹਰ ਵਰਗ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤੋਂ ਤੰਗ ਪਰੇਸ਼ਾਨ ਹੈ। ਵਪਾਰੀ, ਕਿਸਾਨ, ਦੁਕਾਨਦਾਰ ਅਤੇ ਖੇਤ ਮਜ਼ਦੂਰਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਫੇਲ ਸਾਬਤ ਹੋਈ ਹੈ। ਹਰਦੀਪ ਗਿੱਲ ਨੇ ਕਿਹਾ ਕਿ ਕਾਂਗਰਸ ਨੇ ਆਪਣੀ ਸੱਤਾ ਦੌਰਾਨ ਗਰੀਬ ਵਰਗ ਦਾ ਰੱਜ ਕੇ ਸ਼ੋਸ਼ਣ ਕੀਤਾ। ਹਰਦੀਪ ਗਿੱਲ ਨੇ ਕਿਹਾ ਕਿ ਪੰਜਾਬ ਦੀਆਂ ਸਮੱਸਿਆਵਾਂ ਦਾ ਹੱਲ ਸਿਰਫ ਭਾਰਤੀ ਜਨਤਾ ਪਾਰਟੀ ਕੋਲ ਹੀ ਹੈ। ਯੂਪੀ ਵਾਂਗ ਡਬਲ ਇੰਜਨ ਸਰਕਾਰ ਹੀ ਸੂਬੇ ਨੂੰ ਬਿਹਤਰ ਬਣਾ ਸਕਦੀ ਹੈ। ਇਸ ਮੌਕੇ ’ਤੇ ਗੁਰਪ੍ਰੀਤ ਸਿੰਘ ਗੋਪੀ ਨੇ ਕਿਹਾ ਕਿ ਕਾਂਗਰਸ ਵਿੱਚ ਗਰੀਬ ਤੇ ਦਲਿਤ ਵਰਕਰਾਂ ਦੀ ਕੋਈ ਸੁਣਵਾਈ ਨਹੀਂ। ਕਾਂਗਰਸ ਨੂੰ ਵੋਟਾਂ ਦੇ ਨੇੜੇ ਹੀ ਵਰਕਰਾਂ ਦੀ ਯਾਦ ਆਉਂਦੀ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਲੋਕ ਭਾਰਤੀ ਜਨਤਾ ਪਾਰਟੀ ਅਤੇ ਯੋਗੀ ਮਾਡਲ ਦੀ ਉਡੀਕ ਵਿੱਚ ਹਨ। ਇਸ ਮੌਕੇ ਸਰਦੂਲ ਸਿੰਘ, ਅਵਤਾਰ ਸਿੰਘ , ਸਰਬਜੀਤ ਸਿੰਘ ਵਡਾਲੀ ਵੀ ਹਾਜ਼ਰ ਸਨ।

# ਖ਼ੂਨਦਾਨ ਕਰਨ ਨਾਲ ਕਈ ਕੀਮਤੀ ਜਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ—ਅੰਗਰੇਜ਼ ਸਿੰਘ ਫੌਜੀ

**ਫਿਰੋਜ਼ਪੁਰ - (ਮਨੋਹਰ ਲਾਲ)** :— ਵਿਸਵ ਖੂਨ ਦਾਨ ਕੈਂਪ ਵਿੱਚ ਦਾਨ ਕੀਤਾ ਖੂਨ ਕਈ ਕੀਮਤੀ ਜਾਨਾਂ ਬਚਾ ਸਕਦਾ ਹੈ ਅਤੇ ਕਈ ਘਰਾਂ ਦੇ ਕੀਮਤੀ ਚਿਰਾਗ ਜਗਦੇ ਰਹਿ ਸਕਦੇ ਹਨ। ਇਹ ਵਿਚਾਰ ਸਾਂਝੇ ਕਰਦਿਆਂ ਅੰਗਰੇਜ਼ ਸਿੰਘ ਫੌਜੀ ਵਾਇਸ ਚੇਅਰਮੈਨ ਪੰਜਾਬ ਸ: ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਭਾਰਤ ਨੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪ ਸ਼ਿਖਾ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਪ੍ਰਸ਼ਾਸ਼ਨ ਅਤੇ ਸਿਹਤ ਵਿਭਾਗ ਵਲੋਂ ਜਿਲਾ ਸੈਨਿਕ ਭਲਾਈ ਦੀ ਟੀਮ, ਰੈਡ ਕਰਾਸ ਸੁਸਾਇਟੀ, ਸਿੱਖਿਆ ਵਿਭਾਗ, ਸਿਵਲ ਡਿਫੈਂਸ, ਸਮਾਜ ਸੇਵੀ ਸੰਸਥਾਵਾਂ, ਖੇਡ ਵਿਭਾਗ, ਯੁਵਕ ਸੇਵਾਵਾਂ ਕਲੱਬ ਅਤੇ ਵੱਖ—ਵੱਖ ਕਾਲਜਾਂ ਦੇ ਸਹਿਯੋਗ ਨਾਲ ਮਾਡਰਨ ਪਲਾਜ਼ਾ ਅਤੇ ਡੀ.ਸੀ ਮਾਡਲ ਸਕੂਲ ਵਿਖੇ ਖੂਨਦਾਨ ਕੈਂਪ ਲਗਾ ਕੇ ਵਿਸ਼ਵ ਖ਼ੂਨਦਾਨ ਦਿਵਸ ਮਨਾਇਆ ਗਿਆ। ਮਾਡਰਨ ਪਲਾਜ਼ਾ ਵਿੱਚ ਲਗਾਏ ਖੂਨਦਾਨ ਕੈਂਪ ਦਾ ਉਦਘਾਟਨ ਡਿਪਟੀ ਮੈਡੀਕਲ ਕਮਿਸ਼ਨਰ ਡਾ ਗੁਰਮੇਜ਼ ਰਾਮ ਵੱਲੋਂ ਕੀਤਾ ਗਿਆ। ਇਸ




ਮੌਕੇ ਅੰਗਰੇਜ਼ ਸਿੰਘ ਫੌਜੀ ਨੇ ਦੱਸਿਆ ਕਿ ਮੈਂ ਇਸ ਕੈਂਪ ਤੱਕ ਲੱਗਭਗ 27 ਵਾਰ ਆਉਣ ਰਿਕਾਰਡ ਕੈਂਪਾਂ ਰਾਹੀ ਖੂਨ ਦਾਨ ਕੀਤਾ ਅਤੇ ਅਣਗਿਣਤ ਵਾਰ ਔਫ ਰਿਕਾਰਡ ਹਸਪਤਾਲਾਂ ਵਿਚ ਸਿੱਧਾ ਮਰੀਜ਼ਾਂ ਨੂੰ ਮੁਫ਼ਤ ਖੂਨ ਦਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਖੂਨ ਦਾਨ ਇਕ ਮਹਾਨ ਦਾਨ ਹੈ ਜਿਸ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ ਖੂਨ ਦਾਨ ਕਰਨ ਨਾਲ ਸਰੀਰ ਵਿਚ ਕੋਈ ਕਮੀ ਨਹੀਂ ਹੁੰਦੀ ਮੈਂ ਆਮ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਖ਼ੂਨ ਦਾਨ ਕਰਨਾ ਚਾਹੀਦਾ ਹੈ। ਫੌਜੀ ਅੰਗਰੇਜ਼ ਸਿੰਘ ਨੇ ਦੱਸਿਆ ਕਿ ਖੂਨ ਦਾਨ ਕੈਂਪ ਵਿੱਚ ਮੈਨੂੰ ਗੋਲਡ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਹੈ।

# ਪੰਜਾਬ ਸਰਕਾਰ ਇਸ਼ਤਿਹਾਰਾਂ ’ਚ ਹੀਰੋ ਵਿਕਾਸ ’ਚ ਜ਼ੀਰੋ, ਸ਼ਮਸ਼ੇਰ ਸਿੰਘ ਪੱਧਰੀ ਨੇ ਸਰਕਾਰ ਦੇ ਝੂਠੇ ਦਾਅਵਿਆਂ ਦੀ ਖੋਲੀ ਪੋਲ

## ਦੋ ਸਾਲ ਬੀਤ ਜਾਣ ਦੇ ਬਾਵਜੂਦ ਵੀ ਨਗਰ ਨਿਗਮ ਨਹੀਂ ਲਗਵਾ ਸਕਿਆ ਇਕ ਟੈਂਡਰ

**ਅੰਮ੍ਰਿਤਸਰ** - ਨਿਊ ਦਸ਼ਮੇਸ਼ ਨਗਰ, ਟਾਵਰ ਵਾਲੀ ਗਲੀ, ਕੋਟ ਖਾਲਸਾ ਦੇ ਵਸਨੀਕਾਂ ਨੇ ਤਿੰਨ ਸਾਲ ਤੋਂ ਜਿਆਦਾ ਸਮੇਂ ਤੋਂ ਗਲੀਆਂ ਨੂੰ ਦੋਬਾਰਾ ਬਣਾਉਣ ਲਈ ਸਰਕਾਰੀ ਦਰਵਾਜੇ ਖੜਕਾਏ, ਪਰ ਹਾਲੇ ਤੱਕ ਉਨ੍ਹਾਂ ਨੂੰ ਧੂੜ ਫੱਕਣੀ ਪੈ ਰਹੀ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ (ਵਾਰਿਸ ਪੰਜਾਬ ਦੇ) ਅੰਮ੍ਰਿਤਸਰ ਕਾਰਜਕਾਰੀ ਕਮੇਟੀ ਦੇ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਇਕ ਮੀਟਿੰਗ ਉਪਰੰਤ ਪ੍ਰੈਸ ਨੋਟ ਰਾਹੀਂ ਕੀਤਾ। ਇਸ ਮੀਟਿੰਗ ਵਿੱਚ ਉਹਨਾਂ ਦੇ ਨਾਲ ਪਰਮਜੀਤ ਸਿੰਘ, ਹਰਦੇਵ ਸਿੰਘ, ਵੇਦ ਪ੍ਰਕਾਸ਼, ਪਰਵਿੰਦਰ ਸਿੰਘ, ਮਹਿੰਦਰਪਾਲ ਸਿੰਘ ਅਤੇ ਹੋਰ ਇਲਾਕਾ ਨਿਵਾਸੀ ਵੀ ਮੌਜੂਦ ਸਨ। ਪੱਧਰੀ ਨੇ ਸਰਕਾਰ ਦੀ ਢਿੱਲੀ ਕਾਰਗੁਜਾਰੀ ਅਤੇ ਵਿਕਾਸ ਦੇ ਝੂਠੇ ਵਾਅਦਿਆਂ ਉਤੇ ਤਿੱਖੀ ਟਿੱਪਣੀ ਕੀਤੀ। ਉਨ੍ਹਾਂ ਦੱਸਿਆ ਕਿ ਲੱਗਭੱਗ 10 ਸਾਲ ਪਹਿਲਾਂ ਉਹਨਾਂ ਦੀ ਗਲੀ ਪੱਕੀ ਬਣੀ ਸੀ। ਪਰ ਅਮ੍ਰਿਤ ਸਕੀਮ ਤਹਿਤ ਪਾਣੀ ਦੀਆਂ ਲਾਈਨਾਂ ਪਾਉਣ ਦੇ ਨਾਂ ਤੇ ਗਲੀਆਂ ਵਿੱਚ ਪਾਈਪਾਂ ਪਾਉਣ



ਲਈ ਪੁੱਟ ਦਿੱਤੀਆਂ ਗਈਆਂ ਜਿਸ ਕਾਰਨ ਗਲੀਆਂ ਦੀ ਹਾਲਤ ਖ਼ਸਤਾ ਹੋ ਗਈ ਅਤੇ ਉਸ ਤੋਂ ਬਾਅਦ ਅੱਜ ਤੱਕ ਗਲੀਆਂ ਦੋਬਾਰਾ ਨਹੀਂ ਬਣਾਈਆਂ ਗਈਆਂ, ਜਿਸ ਕਰਕੇ ਇਲਾਕੇ ਦੇ ਵੱਡੇ-ਬਜ਼ੁਰਗ, ਬੱਚੇ ਅਤੇ ਮਹਿਲਾਵਾਂ ਨੂੰ ਰੋਜ਼ਾਨਾ ਔਖਿਆਂ ਹਾਲਾਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਮਸ਼ੇਰ ਸਿੰਘ ਪੱਧਰੀ ਨੇ ਦੱਸਿਆ ਕਿ ਪਹਿਲੀ ਐਪਲੀਕੇਸ਼ਨ ਉਨ੍ਹਾਂ ਨੇ ਤਿੰਨ ਸਾਲ ਪਹਿਲਾਂ ਐਮ-ਸੇਵਾ ਪੋਰਟਲ ਰਾਹੀਂ ਦਿੱਤੀ, ਜਿਸ ’ਤੇ ਨਗਰ ਨਿਗਮ ਦੇ ਸਬੰਧਤ ਅਫਸਰ ਵੱਲੋਂ ਲਿਖਤੀ ਤੌਰ ਤੇ ਕਿਹਾ ਗਿਆ ਕਿ “ਜਲਦੀ ਗਲੀਆਂ ਬਣਾਈਆਂ ਜਾਣਗੀਆਂ । ਪ੍ਰੰਤੂ ਕਾਫੀ ਮਹੀਨੇ ਬੀਤ ਜਾਣ ਤੇ ਵੀ ਕੋਈ ਐਕਸ਼ਨ ਨਹੀਂ ਹੋਇਆ। ਦੂਜੀ ਵਾਰ ਫਿਰ ਉਨ੍ਹਾਂ ਨੇ ਐਮ ਸੇਵਾ ਰਾਹੀਂ ਅਰਜ਼ੀ



ਦਿੱਤੀ ਤਾਂ ਕਿਹਾ ਗਿਆ ਕਿ “ਤਖਮੀਨੇ ਤਿਆਰ ਹਨ, ਟੈਂਡਰ ਹੋਣ ਤੇ ਕੰਮ ਸ਼ੁਰੂ ਹੋ ਜਾਵੇਗਾ”ਪ੍ਰੰਤੂ ਇਕ ਸਾਲ ਬੀਤ ਜਾਣ ਤੇ ਵੀ ਟੈਂਡਰ ਨਹੀਂ ਹੋ ਸਕੇ। ਫਿਰ ਤੀਜੀ ਵਾਰ ਐਪਲੀਕੇਸ਼ਨ ਦੇਣ ਉਨ੍ਹਾਂ ਵੱਲੋਂ ਫਾਈਲ ਦੀਆਂ ਕਾਪੀਆਂ ਐਮ ਸੇਵਾ ਉੱਤੇ ਅਪਲੋਡ ਕਰ ਦਿੱਤੀਆਂ ਗਈਆਂ ਪਰ ਉਨ੍ਹਾਂ ਦਾ ਜਵਾਬ ਪਹਿਲੇ ਵਰਗਾ ਹੀ ਨਿਕਲਿਆ ਕਿ ਟੈਂਡਰ ਹੋਣ ਲਈ ਭੇਜ ਦਿੱਤਾ ਗਿਆ ਹੈ। ਜਦੋਂ ਕਿ ਉਹਨਾਂ ਵੱਲੋਂ ਰਿਜ਼ੋਲਵ ਕੀਤੀਆਂ ਐਪਲੀਕੇਸ਼ਨ ਦੇ ਨਾਲ ਪਾਸ ਹੋਏ ਐਸਟੀਮੇਟ ਦੇ ਸਰਕਾਰੀ ਦਸਤਵੇਜ਼ ਵੀ ਅਪਲੋਡ ਕਰਕੇ ਲਿਖਤੀ ਜਵਾਬ ਦਿੱਤੇ ਗਏ ਸਨ, ਜਿਸ ਵਿੱਚ ਸਾਫ ਨਜ਼ਰ ਆਉਂਦਾ ਹੈ ਕਿ 9,42,487/- ( ਨੌਂ ਲੱਖ ਬਤਾਲੀ ਹਜਾਰ ਚਾਰ ਸੌ ਸਤਾਸੀ ) ਰੁਪੈ ਦਾ ਐਸਟੀਮੇਟ ਪਾਸ ਹੋਇਆ ਹੈ। ਮਤਲਬ ਕਿ ਤਿੰਨ ਸਾਲ ਦੀ ਲੰਮੀ ਉਡੀਕ ਦੇ ਬਾਵਜੂਦ, ਸਬੰਧਤ ਅਫ਼ਸਰਾਂ ਵੱਲੋਂ ਲਿਖਤੀ ਤੌਰ ਤੇ ਗਲੀ ਬਣਾਉਣ ਲਈ ਸੰਤੁਸ਼ਟੀ ਦੇਣ ਦੇ ਬਾਵਜੂਦ, ਐਸਟੀਮੇਟ ਪਾਸ ਹੁੰਦਿਆਂ ਹੋਇਆਂ ਇਕ ਟੈਂਡਰ ਨਹੀਂ ਲੱਗ ਸਕਿਆ, ਨਾਂ ਕੋਈ ਕੰਮ ਸ਼ੁਰੂ ਹੋਇਆ। ਇਹ ਸਾਰੀ ਕਾਰਵਾਈ ਸਿੱਧਾ ਇਹ ਦਰਸਾਉਂਦੀ ਹੈ ਕਿ ਪੰਜਾਬ ਸਰਕਾਰ ਸਿਰਫ਼ ਇਸ਼ਤਿਹਾਰਾਂ ਅਤੇ ਫੋਟੋਆਂ ਦੀ ਸਿਆਸਤ ਚਲਾ ਰਹੀ ਹੈ, ਜਿੱਥੇ ਜਮੀਨੀ ਪੱਧਰ ’ਤੇ ਕੋਈ ਕੰਮ ਨਹੀਂ ਹੋ ਰਿਹਾ ਸਿਰਫ਼ ਫੋਕੇ ਵਾਅਦਿਆਂ ਨਾਲ ਜਨਤਾ ਦਾ ਢਿੱਡ ਭਰਿਆ ਜਾ ਰਿਹਾ ਹੈ। ਸ਼ਮਸ਼ੇਰ ਸਿੰਘ ਪੱਧਰੀ ਨੇ ਇਹ ਮਾਮਲਾ ਕਮਿਸ਼ਨਰ ਨਗਰ ਨਿਗਮ ਦੇ ਧਿਆਨ ਵਿੱਚ ਲਿਆਉਂਦਿਆ ਇਹ ਮੰਗ ਕੀਤੀ ਕਿ ਤੁਰੰਤ ਟੈਂਡਰ ਲਗਾਇਆ ਜਾਵੇ, ਅਤੇ ਉਹਨਾਂ ਦੇ ਪਾਸ ਹੋਏ ਐਸਟੀਮੇਟ ਵਾਲੀ ਗਲੀ ਬਣਾਈ ਜਾਵੇ

# ਡੇਰਾਬੱਸੀ ਸਬਜੀ ਮੰਡੀ ਦੀ ਪਾਰਕਿੰਗ ’ਚ ਗੰਦਗੀ ਤੋਂ ਲੋਕ ਪ੍ਰੇਸ਼ਾਨ, ਨਗਰ ਕੌਂਸਲ ਅਧਿਕਾਰੀ ਨਹੀਂ ਦੇ ਰਹੇ ਧਿਆਨ



**ਡੇਰਾਬੱਸੀ - ( ਅਸ਼ੋਕ ਜੋਸ਼ੀ )**- ਅੰਬਾਲਾ ਚੰਡੀਗੜ੍ਹ ਨੈਸ਼ਨਲ ਹਾਈਵੇਅ ਤੇ ਸਥਿਤ ਡੇਰਾਬੱਸੀ ਦੀ ਸਬਜ਼ੀ ਮੰਡੀ ਦੀ ਪਾਰਕਿੰਗ ਵਿੱਚ ਫੈਲੀ ਅਥਾਹ ਗੰਦਗੀ ਕਾਰਨ ਆਮ ਲੋਕ ਅਤੇ ਦੁਕਾਨਦਾਰ ਬੇਹੱਦ ਪ੍ਰੇਸ਼ਾਨ ਹਨ। ਪਾਰਕਿੰਗ ਖੇਤਰ ਵਿੱਚ ਕੂੜੇ ਦੇ ਢੇਰ ਲੱਗੇ ਹੋਏ ਹਨ ਅਤੇ ਬਦਬੂ ਕਾਰਨ ਇੱਥੋਂ ਲੰਘਣਾ ਵੀ ਮੁਸ਼ਕਲ ਹੋ ਗਿਆ ਹੈ।

ਸਬਜ਼ੀ ਮੰਡੀ ਦੀ ਪਾਰਕਿੰਗ ਸਥਾਨ ਦੀ ਸਫ਼ਾਈ ਵੱਲ ਨਗਰ ਕੌਂਸਲ ਕੋਈ ਧਿਆਨ ਨਹੀਂ ਦੇ ਰਹੀ। ਪਾਰਕਿੰਗ ਵਿੱਚ ਸਬਜ਼ੀਆਂ ਦੇ ਛਿਲਕੇ, ਪਲਾਸਟਿਕ ਦਾ ਕੂੜਾ ਅਤੇ ਹੋਰ ਕੂੜਾ ਕਰਕਟ ਬਿਖਰਿਆ ਪਿਆ ਹੈ, ਜਿਸ ਕਾਰਨ ਇੱਥੇ ਗੰਦਗੀ ਦਾ ਮਾਹੌਲ ਬਣਿਆ ਹੋਇਆ ਹੈ। ਆਸ-ਪਾਸ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਗੰਦਗੀ ਕਾਰਨ ਮੱਖੀਆਂ ਅਤੇ ਮੱਛਰਾਂ ਦੀ ਭਰਮਾਰ ਹੋ ਗਈ ਹੈ, ਜਿਸ ਨਾਲ ਬੀਮਾਰੀਆਂ ਫੈਲਣ ਦਾ ਖ਼ਤਰਾ ਵੀ ਵਧ ਗਿਆ ਹੈ।

ਇਸ ਬਾਰੇ ਸਬਜ਼ੀ ਮੰਡੀ ਵਿੱਚ ਆਉਣ ਵਾਲੇ ਲੋਕਾਂ ਨੇ ਦੱਸਿਆ ਕਿ ਗੰਦਗੀ ਕਾਰਨ ਉਨ੍ਹਾਂ ਨੂੰ ਆਪਣੀਆਂ ਗੱਡੀਆਂ ਪਾਰਕ ਕਰਨ ਵਿੱਚ ਵੀ ਮੁਸ਼ਕਲ ਆਉਂਦੀ ਹੈ ਅਤੇ ਨਾਲ ਹੀ ਬਦਬੂ ਕਾਰਨ ਉਹ ਇੱਥੇ ਜ਼ਿਆਦਾ ਦੇਰ ਖੜ੍ਹੇ ਨਹੀਂ ਰਹਿ ਸਕਦੇ। ਉਨ੍ਹਾਂ ਨੇ ਨਗਰ ਕੌਂਸਲ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਪਾਰਕਿੰਗ ਖੇਤਰ ਦੀ ਸਫ਼ਾਈ ਕਰਵਾਈ ਜਾਵੇ ਤਾਂ ਜੋਂ ਲੋਕਾਂ ਨੂੰ ਇਸ ਪ੍ਰੇਸ਼ਾਨੀ ਤੋਂ ਨਿਜਾਤ ਮਿਲ ਸਕੇ।

ਜਦੋਂ ਇਸ ਨਗਰ ਕੌਂਸਲ ਪ੍ਰਧਾਨ ਆਸ਼ੂ ਉਪਨੇਜਾ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਸਫ਼ਾਈ ਸੇਵਕਾਂ ਦੀ ਹੜਤਾਲ ਕਾਰਨ ਸਫ਼ਾਈ ਕਰਨ ਤੋਂ ਰਹਿ ਗਈ ਹੋਣੀ ਹੈ। ਉਹ ਕੱਲ ਹੀ ਸਫ਼ਾਈ ਸੇਵਕਾਂ ਨੂੰ ਭੇਜਕੇ ਪਾਰਕਿੰਗ ਤੋਂ ਗੰਦਗੀ ਨੂੰ ਸਾਫ ਕਰਵਾ ਦੇਣਗੇ।

**ਝਬਾਲ,ਦਲਜੀਤ ਸਿੰਘ ਚੱਡਾ**

ਅੱਜ ਸ਼੍ਰੀ ਦੀਪਕ ਪਾਰੀਕ, ਆਈ.ਪੀ.ਐਸ ਨੇ ਸੀਨੀਅਰ ਕਪਤਾਨ ਪੁਲਿਸ ਤਰਨ ਤਾਰਨ ਵਜੋਂ ਚਾਰਜ ਸੰਭਾਲਿਆ। ਕਾਨੂੰਨ-ਵਿਵਸਥਾ ਅਤੇ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਦੇ ਸਫਲ ਕਾਰਜਕਾਲ ਲਈ ਤਹਿ ਦਿਲੋਂ ਸ਼ੁਭਕਾਮਨਾਵਾਂ।



# ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਮੋਹਾਲੀ ਵਲੋਂ ਵਿਸ਼ਵ ਖ਼ੂਨਦਾਨ ਦਿਵਸ ਮਨਾਇਆ ਗਿਆ

**ਮੋਹਾਲੀ / ਅਸ਼ੋਕ ਜੋਸ਼ੀ**

ਡਾ. ਬੀ.ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼, ਮੋਹਾਲੀ ਵਲੋਂ ‘20 ਸਾਲਾਂ ਦੀ ਸੇਵਾ ਦਾ ਜਸ਼ਨ: ਧੰਨਵਾਦ ਖੂਨ ਦਾਨੀਆਂ!’ ਥੀਮ ਹੇਠ ਵਿਸ਼ਵ ਖੂਨ ਦਾਨੀ ਦਿਵਸ ਮਨਾਇਆ ਗਿਆ।

ਮੁੱਖ ਮਹਿਮਾਨ ਵਜੋਂ ਡਾ. ਸੁਨੀਤਾ ਭਗਤ, ਸੰਯੁਕਤ ਨਿਰਦੇਸ਼ਕ, ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਪੰਜਾਬ (ਪੀ.ਐਸ.ਏ.ਸੀ.ਐਸ.) ਨੇ ਖ਼ੂਨ ਦਾਨ ਦੇ ਮਹੱਤਵ ਅਤੇ ਲੋਕ ਭਲਾਈ ਵਿੱਚ ਬਲੱਡ ਬੈਂਕਾਂ ਦੀ ਭੂਮਿਕਾ ਉਤੇ ਰੋਸ਼ਨੀ ਪਾਈ। ਪੀਐੱਸਏਸੀਐੱਸ ਵਲੋਂ ਭੇਜੀ ਗਈ ਖ਼ੂਨ ਦਾਨ ਵੈਨ ਰਾਹੀਂ ਐਮ ਬੀ ਬੀ ਐਸ ਦੇ ਵਿਦਿਆਰਥੀਆਂ ਤੋਂ ਖ਼ੂਨ ਇਕੱਠਾ ਕੀਤਾ ਗਿਆ।

ਸੰਸਥਾ ਦੀ ਡਾਇਰੈਕਟਰ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਨੇ ਆਪਣਾ ਨਿੱਜੀ ਅਨੁਭਵ ਸਾਂਝਾ ਕੀਤਾ ਕਿ ਕਿਵੇਂ ਉਨ੍ਹਾਂ ਨੇ ਆਪਣੀ



18ਵੇਂ ਜਨਮਦਿਨ ਮੌਕੇ ਪਹਿਲੀ ਵਾਰ ਖ਼ੂਨ ਦਾਨ ਕੀਤਾ ਅਤੇ ਹੁਣ ਤੱਕ 50 ਵਾਰ ਤੋਂ ਵੱਧ ਰਕਤ ਦਾਨ ਕਰ ਚੁੱਕੇ ਹਨ।

ਸ੍ਰੀਮਤੀ ਵਨੀਤਾ ਸਾਹਨੀ ਨੇ ਪਦਮ ਅਵਾਰਡੀ ਸ੍ਰੀਮਤੀ ਸਰੂਪ ਕਿਸ਼ਨ ਦੀ ਯਾਦਗਾਰ ਸੇਵਾ ਬਾਰੇ ਦੱਸਿਆ। ਸ੍ਰੀਮਤੀ ਸੁਕ੍ਰਿਤਾ ਸਿੰਘ, ਜੋ 30 ਸਾਲਾਂ ਤੋਂ ਬਲੱਡ ਬੈਂਕ ਸੋਸਾਇਟੀ ਨਾਲ ਜੁੜੀ ਹੋਏ ਹਨ, ਨੇ ਵਿਦਿਆਰਥੀਆਂ ਨੂੰ ਖ਼ੂਨ ਦਾਨ ਬਾਰੇ ਪ੍ਰਚਲਿਤ ਗਲਤਫਹਿਮੀਆਂ ਤੋਂ ਦੂਰ ਕੀਤਾ।

ਡਾ. ਤਨੁਪ੍ਰਿਆ ਅਤੇ ਡਾ. ਸਾਨਿਆ ਵਲੋਂ ਖ਼ੂਨ ਦਾਨ ਦੀ ਯੋਗਤਾ ਅਤੇ ਸੁਰੱਖਿਆ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਗਈ। 20 ਤੋਂ ਵੱਧ ਵਿਦਿਆਰਥੀਆਂ ਨੇ ਖ਼ੂਨ ਦਾਨ ਕੀਤਾ ਅਤੇ ਹੋਰਾਂ ਨੇ ਅਗਲੇ ਕੈਂਪਾਂ ਵਿੱਚ ਭਾਗ ਲੈਣ ਦਾ ਪ੍ਰਣ ਲਿਆ।

ਡਾ. ਨਵਦੀਪ ਸਿੰਘ ਸੈਣੀ, ਡਾ. ਐਚ.ਐਸ. ਚੀਮਾ ਅਤੇ ਡਾ. ਪਰਮਿੰਦਰਜੀਤ ਸਿੰਘ ਸਮੇਤ ਕਈ ਅਹਿਮ ਸਖਸ਼ੀਅਤਾਂ ਦੀ ਹਾਜਰੀ ਨੇ ਸਮਾਗਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ।

# ਗੁਜਰਾਤ ਜਹਾਜ਼ ਹਾਦਸੇ ਵਿੱਚ ਮ੍ਰਿਤਕਾਂ ਨੂੰ ਸ਼ਰਧਾਂਜਲੀ

## ਮੰਡਲ ਪ੍ਰਧਾਨ ਪਵਨ ਧੀਮਾਨ ਪੰਮਾ ਦੀ ਅਗਵਾਈ ਹੇਠ ਆਯੋਜਿਤ ਸ਼ੋਕ ਸਭਾ, ਪ੍ਰੋਗਰਾਮ ਵਿੱਚ ਸੀਨੀਅਰ ਭਾਜਪਾ ਨੇਤਾ ਰਵਿੰਦਰ ਵੈਸ਼ਨਵ ਮੌਜੂਦ ਸਨ



**ਡੇਰਾਬੱਸੀ - ( ਅਸ਼ੋਕ ਜੋਸ਼ੀ )-** ਗੁਜਰਾਤ ਦੇ ਅਹਿਮਦਾਬਾਦ ਹਵਾਈ ਅੱਡੇ 'ਤੇ ਹੋਏ ਜਹਾਜ਼ ਹਾਦਸੇ ਵਿੱਚ 292 ਲੋਕਾਂ ਦੀ ਜਾਨ ਚਲੀ ਗਈ, ਜਿਸ ਵਿੱਚ ਭਾਜਪਾ ਦੇ ਪੰਜਾਬ ਚੰਡੀਗੜ੍ਹ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਣੀ ਜੀ ਵੀ ਸ਼ਾਮਲ ਸਨ। ਹਾਦਸੇ ਵਿੱਚ ਉਨ੍ਹਾਂ ਦੀ ਅਚਾਨਕ ਮੌਤ ਤੋਂ ਬਾਅਦ, ਅੱਜ ਡੇਰਾਬੱਸੀ ਮੰਡਲ ਪ੍ਰਧਾਨ ਪਵਨ ਧੀਮਾਨ ਪੰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਅਚਾਨਕ ਹਾਦਸੇ ਕਾਰਨ ਦੇਸ਼-ਵਿਦੇਸ਼ ਦੇ 292 ਲੋਕਾਂ ਦੀ ਜਾਨ ਚਲੀ ਗਈ ਹੈ ਅਤੇ ਹਜ਼ਾਰਾਂ ਪਰਿਵਾਰ ਸੋਗ ਦੇ ਸਮੁੰਦਰ ਵਿੱਚ ਡੁੱਬ ਗਏ ਹਨ। ਅਜਿਹੇ ਸਮੇਂ, ਹਰ ਭਾਜਪਾ ਵਰਕਰ ਵਿਛੜੀਆਂ ਰੂਹਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦਾ ਹੈ।

ਅੱਜ ਦੀ ਮੀਟਿੰਗ ਵਿੱਚ, ਸੀਨੀਅਰ ਪਾਰਟੀ ਅਧਿਕਾਰੀਆਂ ਅਤੇ ਵਰਕਰਾਂ ਦੇ ਨਾਲ-ਨਾਲ ਆਮ ਨਾਗਰਿਕਾਂ ਨੇ ਵੀ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ 'ਤੇ, ਸੀਨੀਅਰ ਭਾਜਪਾ ਨੇਤਾ ਰਵਿੰਦਰ ਵੈਸ਼ਨਵ ਡੇਰਾਬੱਸੀ ਨੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇਸ ਦੁਖਦਾਈ ਘਟਨਾ ਨੂੰ ਸਹਿਣ ਕਰਨ ਲਈ ਪ੍ਰਾਰਥਨਾ ਕੀਤੀ। ਇਸ ਮੌਕੇ ਭਾਜਪਾ ਮੰਡਲ ਦੇ ਸਾਬਕਾ ਪ੍ਰਧਾਨ ਰਾਕੇਸ਼ ਮਹਿਤਾ, ਓ.ਬੀ.ਸੀ ਮੋਰਚਾ ਜ਼ਿਲ੍ਹਾ ਮੁਹਾਲੀ ਦੇ ਜਨਰਲ ਸਕੱਤਰ ਦਿਨੇਸ਼ ਵੈਸ਼ਨਵ, ਮੀਤ ਪ੍ਰਧਾਨ ਯੋਗੇਸ਼ ਅੱਤਰੀ, ਸਾਬਕਾ ਮੰਡਲ ਸਕੱਤਰ ਸਤਪਾਲ ਅੱਤਰੀ, ਸੀਨੀਅਰ ਆਗੂ ਤੇ ਪੂਰਵਾਂਚਲ ਦੇ ਪ੍ਰਧਾਨ ਸੁਰੇਸ਼ ਵਿਆਸ, ਸਵਰਨ ਸਿੰਘ, ਅਮਨ ਪਾਹਵਾ, ਮੱਖਣ ਸਿੰਘ, ਉਪੇਂਦਰ ਸਿੰਘ, ਅਮਨ ਕੁਮਾਰ ਕ੍ਰਿਸ਼ਨ ਕੁਮਾਰ, ਮਨਪ੍ਰੀਤ ਸਿੰਘ, ਮਨਪ੍ਰੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ ।

# 50 ਲੱਖ ਤੋਂ ਵੱਧ ਨਾਲ ਪਾਣੀ ਦੀ ਨਿਕਾਸੀ ਲਈ ਬਣੇ ਨਾਲੇ ਦੀ ਅੱਧੇ ਘੰਟੇ ਦੇ ਮੀਂਹ ਨੇ ਖੋਲੀ ਪੋਲ

## ਪਾਣੀ ਓਵਰ ਫਲੋ ਹੋ ਕੇ ਦੁਕਾਨਾਂ 'ਚ ਵੜਿਆ





**ਹੁਸ਼ਿਆਰਪੁਰ - (ਤਰਸੇਮ ਦੀਵਾਨਾ )** ਖੇਤੀ ਬਾੜੀ ਭਵਨ ਅਸਲਾਮਾਬਾਦ ਤੋਂ ਭੰਗੀ ਚੋਅ ਅਸਲਾਮਾਬਾਦ ਤੱਕ ਪਾਣੀ ਦੀ ਨਿਕਾਸੀ ਲਈ ਬਣੇ ਨਾਲੇ ਤੋਂ ਵਾਰਡ 8 , 9 , 10 ਦੇ ਨਿਵਾਸੀਆਂ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਸੀ। ਕਿਉਂਕਿ ਜਦੋਂ ਦਰਮਿਆਨੀ ਤੋਂ ਭਾਰੀ ਬਾਰਿਸ਼ ਹੁੰਦੀ ਸੀ ਗਲੀਆਂ ਵਿਚ ਪਾਣੀ ਲੱਕ ਲੱਕ ਤੱਕ ਭਰ ਜਾਂਦਾ ਸੀ , ਗਲੀਆਂ ਵਿਚੋਂ ਲੋਕਾਂ ਦਾ ਲੰਘਣਾ ਬਹੁਤ ਆਉਖਾ ਹੋ ਜਾਂਦਾ ਸੀ। ਜਿਥੇ ਕੰਮਾਂ ਤੇ ਜਾਣ ਵਾਲੇ ਮਜ਼ਦੂਰ ਲੇਟ ਹੋ ਜਾਂਦੇ ਸਨ ਉਥੇ ਦਫਤਰਾਂ ਦੇ ਮੁਲਾਜ਼ਮ ਅਤੇ ਸਕੂਲਾਂ ਦੇ ਵਿਦਿਆਰਥੀ ਵੀ ਸਕੂਲ ਦੇ ਸਮੇਂ ਤੋਂ ਬਹੁਤ ਲੇਟ ਹੋ ਜਾਂਦੇ ਸਨ। ਲੋਕਾਂ ਦੀ ਇਸ ਸਮੱਸਿਆ ਨੂੰ ਨਗਰ ਨਿਗਮ ਨੇ ਹੱਲ ਕਰਨ ਲਈ ਕਰੀਬ 50 ਲੱਖ ਤੋਂ ਵੱਧ ਦਾ ਪਾਣੀ ਦੀ ਨਿਕਾਸੀ ਲਈ ਨਾਲਾ ਬਣਾਉਣ ਦਾ ਪ੍ਰੋਜੈਕਟ ਪਾਸ ਕੀਤਾ ਜੋ ਕਿ ਕਾਰਪੋਰੇਸ਼ਨ ਨੇ ਪੀ ਡਵਲਯੂ ਡੀ ਨੂੰ ਬਣਾਉਣ ਲਈ ਦੇ ਦਿੱਤਾ ਗਿਆ। ਪੀ ਡਵਲਯੂ ਡੀ ਨੇ ਠੇਕੇਦਾਰ ਨੂੰ ਇਹ ਠੇਕਾ ਦੇ ਕੇ ਨਾਲੇ ਦਾ ਕੰਮ ਪੂਰਾ ਕਰਵਾਇਆ। ਅਜੇ ਦੋ ਕੁ ਮਹੀਨੇ ਹੀ ਹੋਏ ਹਨ ਇਹ ਨਾਲਾ ਬਣੇ ਨੂੰ ਅੱਜ ਅੱਧੇ ਘੰਟੇ ਦੇ ਮੀਂਹ ਨਾਲ ਜਿਥੇ ਲੋਕਾਂ ਨੂੰ ਭਾਰੀ ਗਰਮੀ ਤੋਂ ਥੋੜੀ ਰਾਹਤ ਮਿਲੀ ਹੈ ਓਥੇ ਮੀਂਹ ਤੋਂ ਬਾਅਦ ਗਲੀਆਂ ਵਿੱਚ ਖੜੇ ਪਾਣੀ ਨੇ 50 ਲੱਖ ਤੋਂ ਵੱਧ ਦੀ ਰਾਸ਼ੀ ਨਾਲ ਬਣੇ ਪਾਣੀ ਦੀ ਨਿਕਾਸੀ ਦੇ ਨਾਲੇ ਦੀ ਪੋਲ ਖੋਲ ਦਿੱਤੀ ਹੈ। ਪ੍ਰਾਇਮਰੀ ਸਕੂਲ ਵਾਲੀ ਗਲੀ ਵਿਚ ਪਾਣੀ ਕਿਸੇ ਚੋਅ ਵਾਂਗ ਚੱਲ ਰਿਹਾ ਸੀ , ਕਈ ਦੁਕਾਨਦਾਰਾਂ ਦਾ ਕਹਿਣਾ ਸੀ ਕਿ ਹਲਕੇ ਜਿਹੇ ਮੀਂਹ ਨਾਲ ਪਾਣੀ ਦੁਕਾਨਾਂ ਵਿਚ ਜਾ ਵੜਿਆ ਭਾਰੀ ਬਰਸਾਤ ਵਿੱਚ ਕੀ ਹਾਲ ਹੋਵੇਗਾ। ਜਿਕਰਯੋਗ ਹੈ ਕਿ ਇਹ ਗਰਮੀ ਦੀ ਪਹਿਲੀ ਹਲਕੀ ਬਾਰਿਸ਼ ਹੈ ਜਦੋਂ ਹੋਰ ਭਾਰੀ ਮੀਂਹ ਪੈਣਗੇ ਤਾਂ ਕੀ ਹਾਲਾਤ ਹੋਣਗੇ, ਰੱਬ ਜਾਣੇ।

# ਅੰਤਰਰਾਸ਼ਟਰੀ ਖ਼ੂਨ ਦਾਨ ਦਿਵਸ ਦੇ ਮੌਕੇ ਤੇ ਖ਼ੂਨ ਦਾਨੀਆਂ ਦਾ ਸਨਮਾਨ ਇੱਕ ਸ਼ਾਲਾਗਾਯੋਗ ਕਦਮ - ਮੇਜਰ ਅਮਿਤ ਸਰੀਨ




**ਅੰਮ੍ਰਿਤਸਰ** - ਅੰਤਰਰਾਸ਼ਟਰੀ ਖ਼ੂਨ ਦਾਨ ਦਿਵਸ ਦਾ ਆਯੋਜਨ ਸਾਕਸ਼ੀ ਸਾਹਨੀ, ਡਿਪਟੀ ਕਮਿਸ਼ਨਰ,ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਰੈਡ ਕਰਾਸ ਸੁਸਾਇਟੀ,ਅੰਮ੍ਰਿਤਸਰ ਵਲੋ ਸਟੇਟ ਬੈਂਕ ਆਫ ਇੰਡਿਆ,ਕੇ ਵੀ ਆਈ ਈ ਡਬਲਿਊ ਐਸ ਅਤੇ ਜਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਮੇਜਰ ਅਮਿਤ ਸਰੀਨ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਰੇ ਖ਼ੂਨ ਦਾਨੀਆਂ ਨੂੰ ਅੱਜ ਇਸ ਮਾਨਵਤਾ ਦੀ ਸੇਵਾ ਦੇ ਦਿਹਾੜੇ ਦਿਆਂ ਲੱਖ ਲੱਖ ਵਧਾਇਆਂ ਅਤੇ ਇਸ ਦੇ ਨਾਲ ਹੀ ਉਨ੍ਹਾ ਕਿਹਾ ਖ਼ੂਨ ਦਾਨ ਇੱਕ ਮਹਾਦਾਨ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਖ਼ੂਨ ਦਾਨ ਕਰਨਾ ਚਾਹਿੰਦਾ ਹੈ ਤਾਂ ਜੋ ਕੈਸਰ, ਥੈਲੇਸੀਮੀਆ ਅਤੇ ਹੋਰ ਖ਼ੂਨ ਲੋੜਵੰਦ ਮਰੀਜਾਂ ਦੀ ਜਾਨ ਬਚਾਈ ਜਾ ਸਕੇ । ਇਸ ਦੇ ਨਾਲ ਹੀ ਮੁੱਖ ਮਹਿਮਾਨ ਵਲੋਂ ਰਾਜੇਸ਼ ਕਾਥਾ, ਕਮਲ ਅਗਰਵਾਲ ਸਟੇਟ ਬੈਂਕ ਆਫ ਇੰਡੀਆ ਅਤੇ ਐਨ.ਜੀ.ਓ. ਦੀ ਟੀਮ ਦੀ ਪ੍ਰਸੰਸਾ ਕੀਤੀ।

ਇਸ ਸਮਾਰੋਹ ਵਿੱਚ ਐਡਵੋਕੇਟ ਰਜੀਵ ਮਦਾਨ, ਡਿਪਟੀ ਐਡਵੋਕੇਟ ਜਨਰਲ, ਪੰਜਾਬ ਉਚੇਚੇ ਤੌਰ ਤੇ ਸ਼ਾਮਲ ਹੋਏ ਅਤੇ ਉਨ੍ਹਾ ਨੇ ਇਸ ਸਮਾਰੋਹ ਦੀ ਪ੍ਰਧਾਨਗੀ ਕੀਤੀ। ਇਸ ਪ੍ਰੋਗਰਾਮ ਦੇ ਮੁੱਖ ਆਯੋਜਕ ਸੈਮਸਨ ਮਸੀਹ, ਕਾਰਜਕਾਰੀ ਸਕੱਤਰ, ਰੈਡ ਕਰਾਸ ਨੇ ਸਾਰੇ ਆਏ ਹੋਏ ਖ਼ੂਨ ਦਾਨਿਆਂ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਉਨ੍ਹਾ ਨੇ ਕਿਹਾ ਕਿ ਅੱਜ ਪੂਰੇ ਵਿਸ਼ਵਭਰ ਵਿੱਚ ਵਿਸ਼ਵ ਸਿਹਤ ਸੰਗਠਨ, ਰੈੱਡ ਕਰਾਸ ਅਤੇ ਬਲੱਡ ਟਰਾਂਸਫਿਉਜ਼ਨ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ ਤਾਂ ਕਿ ਲੋੜਵੰਦਾਂ ਨੂੰ ਖ਼ੂਨ ਦੀ ਕਮੀ ਨਾ ਆਵੇ । ਇਸ ਮੌਕੇ ਤੇ ਡਾ ਪਰਮਿੰਦਰਜੀਤ ਸਿੰਘ, ਡਾ. ਗੁਰਸ਼ਰਨ ਸਿੰਘ, ਡਾ.ਦਲਜੀਤ ਕੋਰ, ਡਾ.ਰੋਜ ਅਤੇ ਉਨ੍ਹਾ ਦੀ ਟੀਮ ਦਾ ਵਿਸ਼ੇਸ਼ ਤੋਰ ਤੇ ਸਨਮਾਨ ਕੀਤਾ ਅਤੇ ਇਸ ਦੇ ਨਾਲ ਹੀ ਖ਼ੂਨ ਦਾਨੀ ਬਿਕਰਮਜੀਤ ਸਿੰਘ, ਬਲਜੀਤ ਕੌਰ, ਸੁਖਵਿੰਦਰ ਸਿੰਘ, ਸ਼੍ਰੀ ਰਾਜੇਸ਼ ਸਿਦਾਨਾ ਨੂੰ ਵੀ ਸਨਾਮਾਨਿਤ ਕੀਤਾ। ਇਸ ਮੌਕੇ ਤੇ 31 ਖ਼ੂਨ ਦਾਨਿਆਂ ਨੇ ਖ਼ੂਨ ਦਾਨ ਕੀਤਾ। ਇਸ ਮੌਕੇ ਤੇ ਰਾਜੇਸ਼ ਕਾਥਾ ਚੀਫ ਮੈਨੇਜਰ, ਸਟੇਟ ਬੈਕ ਆਫ ਇੰਡਿਆ ਨੇ ਸਾਰੇ ਆਏ ਹੋਏ ਮਹਿਮਾਨਾ ਤੇ ਖ਼ੂਨ ਦਾਨਿਆ ਦਾ ਧੰਨਵਾਦ ਕੀਤਾ।

# ਕੈਪਟਨ ਗੁਰਦੀਪ ਸਿੰਘ ਵਰਗੇ ਦੇਸ਼ ਭਗਤ ਅਤੇ ਪਾਰਟੀ ਪ੍ਰਤੀ ਵਫ਼ਾਦਾਰ ਪਰਿਵਾਰ ਹਲਕੇ ਦਾ ਮਾਣ ਹਨ - ਬ੍ਰਹਮਪੁਰਾ



**ਤਰਨ ਤਾਰਨ** - ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ, ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ÷ਮੇਰਾ ਹਲਕਾ, ਮੇਰਾ ਪਰਿਵਾਰ÷ ਦੀ ਭਾਵਨਾ ਨੂੰ ਦ੍ਰਿੜ ਕਰਦਿਆਂ, ਹਲਕੇ ਦੇ ਪਿੰਡ ਖਡੂਰ ਸਾਹਿਬ ਵਿਖੇ ਪਾਰਟੀ ਦੇ ਬਹੁਤ ਹੀ ਸਤਿਕਾਰਤ ਅਤੇ ਟਕਸਾਲੀ ਅਕਾਲੀ ਪਰਿਵਾਰ ਦੇ ਮੁਖੀ, ਕੈਪਟਨ ਗੁਰਦੀਪ ਸਿੰਘ ਜੀ ਦੇ ਘਰ ਪਹੁੰਚ ਕੇ ਉਨ੍ਹਾਂ ਦੇ ਧਰਮ ਸੁਪਤਨੀ, ਬੀਬੀ ਜਸਬੀਰ ਕੌਰ ਜੀ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਬੀਬੀ ਜਸਬੀਰ ਕੌਰ ਜੀ ਪਿਛਲੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ।

ਇਸ ਮੌਕੇ ਸ੍ਰ. ਬ੍ਰਹਮਪੁਰਾ ਨੇ ਪਰਿਵਾਰ ਦੇ ਸਪੁੱਤਰਾਂ, ਸ੍ਰ. ਬਲਵਿੰਦਰ ਸਿੰਘ ਪੱਪੂ ਅਤੇ ਸ੍ਰ. ਗੁਰਚਰਨ ਸਿੰਘ ਰਿੰਕੂ ਸਮੇਤ ਸਮੂਹ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ, ÷ਮੇਰੇ ਲਈ ਹਲਕੇ ਦਾ ਹਰ ਪਰਿਵਾਰ ਮੇਰਾ ਆਪਣਾ ਪਰਿਵਾਰ ਹੈ, ਅਤੇ ਇਸ ਪਰਿਵਾਰ ਦਾ ਘਾਟਾ ਮੇਰਾ ਨਿੱਜੀ ਘਾਟਾ ਹੈ। ਬੀਬੀ ਜਸਬੀਰ ਕੌਰ ਜੀ ਇੱਕ ਬਹੁਤ ਹੀ ਨੇਕ ਅਤੇ ਧਾਰਮਿਕ ਰੂਹ ਸਨ, ਜਿੰਨ੍ਹਾਂ ਨੇ ਨਾ ਸਿਰਫ਼ ਪਰਿਵਾਰ ਨੂੰ ਮਜ਼ਬੂਤੀ ਨਾਲ ਜੋੜੀ ਰੱਖਿਆ, ਬਲਕਿ ਸਮਾਜਿਕ ਅਤੇ ਧਾਰਮਿਕ ਕਾਰਜਾਂ ਵਿੱਚ ਵੀ ਹਮੇਸ਼ਾ ਅੱਗੇ ਰਹੇ।÷ ਉਨ੍ਹਾਂ ਕਿਹਾ ਕਿ ਇੱਕ ਆਗੂ ਹੋਣ ਦੇ ਨਾਤੇ ਹਲਕੇ ਦੇ ਹਰ ਦੁੱਖ-ਸੁੱਖ ਵਿੱਚ ਸ਼ਰੀਕ ਹੋਣਾ ਉਨ੍ਹਾਂ ਦਾ ਪਰਮ ਫਰਜ਼ ਹੈ।

ਸ੍ਰ. ਬ੍ਰਹਮਪੁਰਾ ਨੇ ਕੈਪਟਨ ਗੁਰਦੀਪ ਸਿੰਘ ਜੀ ਦੇ ਦੇਸ਼ ਅਤੇ ਪਾਰਟੀ ਪ੍ਰਤੀ ਯੋਗਦਾਨ 'ਤੇ ਚਾਨਣਾ ਪਾਉਂਦਿਆਂ ਕਿਹਾ, ÷ਕੈਪਟਨ ਗੁਰਦੀਪ ਸਿੰਘ ਜੀ ਸਾਡੇ ਹਲਕੇ ਦਾ ਉਹ ਮਾਣ ਹਨ, ਜਿਨ੍ਹਾਂ ਨੇ 1962 ਦੀ ਭਾਰਤ-ਚੀਨ ਜੰਗ ਅਤੇ 1965 ਤੇ 1971 ਦੀਆਂ ਪਾਕਿਸਤਾਨ ਨਾਲ ਹੋਈਆਂ ਜੰਗਾਂ ਵਿੱਚ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਇੱਕ ਪਾਸੇ ਜਿੱਥੇ ਉਨ੍ਹਾਂ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕੀਤੀ, ਉੱਥੇ ਹੀ ਦੂਜੇ ਪਾਸੇ ਉਨ੍ਹਾਂ ਦਾ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਦੀ ਵਿਚਾਰਧਾਰਾ 'ਤੇ ਹਮੇਸ਼ਾ ਪਹਿਰਾ ਦਿੰਦਾ ਰਿਹਾ ਹੈ। ਅਜਿਹੇ ਵਫ਼ਾਦਾਰ ਪਰਿਵਾਰ ਹੀ ਪਾਰਟੀ ਦੀ ਅਸਲ ਤਾਕਤ ਅਤੇ ਰੀੜ੍ਹ ਦੀ ਹੱਡੀ ਹਨ। ਅੰਤ ਵਿੱਚ ਸ੍ਰ. ਬ੍ਰਹਮਪੁਰਾ ਨੇ ਕਿਹਾ, 'ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। ਸ਼੍ਰੋਮਣੀ ਅਕਾਲੀ ਦਲ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਚੱਟਾਨ ਵਾਂਗ ਖੜ੍ਹਾ ਹੈ।

ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਸਰਕਲ ਪ੍ਰਧਾਨ ਅਤੇ ਸਾਬਕਾ ਸਰਪੰਚ ਸ੍ਰ. ਨਰਿੰਦਰ ਸਿੰਘ ਸ਼ਾਹ, ਪ੍ਰੈਸ ਸਕੱਤਰ ਸ੍ਰ. ਮੇਘ ਸਿੰਘ, ਸੀਨੀਅਰ ਅਕਾਲੀ ਆਗੂ ਸ੍ਰ. ਰਣਜੀਤ ਸਿੰਘ ਪੱਪੂ, ਮੈਂਬਰ ਲੋਕਲ ਗੁਰਦੁਆਰਾ ਕਮੇਟੀ ਜਥੇਦਾਰ ਗੱਜਣ ਸਿੰਘ, ਸ੍ਰ. ਸੁਖਵਿੰਦਰ ਸਿੰਘ ਪੱਪੂ, ਮਾਸਟਰ ਮਨਜੀਤ ਸਿੰਘ ਅਤੇ ਸ੍ਰ. ਜਸਵਿੰਦਰ ਸਿੰਘ ਸਮੇਤ ਹੋਰ ਵੀ ਸੀਨੀਅਰ ਆਗੂ ਹਾਜ਼ਰ ਸਨ, ਜਿੰਨ੍ਹਾਂ ਨੇ ਵੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

# ਫਾਜ਼ਿਲਕਾ ਸ਼ਹਿਰ 'ਚ ਬਰਸਾਤ ਤੋਂ ਪਹਿਲਾਂ ਸੀਵਰੇਜ ਲਾਈਨਾਂ ਦੀ ਮੁਕੰਮਲ ਹੋਵੇਗੀ ਸਫਾਈ - ਵਿਧਾਇਕ ਸਵਨਾ

**ਫਾਜ਼ਿਲਕਾ** - ਫਾਜ਼ਿਲਕਾ ਸ਼ਹਿਰ ਵਾਸੀਆਂ ਨੂੰ ਬਰਸਾਤੀ ਮੌਸਮ ਦੌਰਾਨ ਪਾਣੀ ਭਰਾਅ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਣ ਲਈ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਦੇ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਵੱਲੋਂ ਵੱਡੀ ਕਾਰਵਾਈ ਕੀਤੀ ਗਈ ਹੈ। ਇਨ੍ਹਾਂ ਉਪਰਾਲਿਆਂ ਦੇ ਤਹਿਤ ਸੀਵਰੇਜ ਲਾਈਨਾਂ ਦੀ ਪੂਰੀ ਤਰ੍ਹਾਂ ਸਫਾਈ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਅੱਜ ਇਥੇ ਪ੍ਰੈਸ ਨੂੰ ਫਾਜ਼ਿਲਕਾ ਵਿਧਾਇਕ ਸ. ਨਰਿੰਦਰ ਪਾਲ ਸਿੰਘ ਸਵਨਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਫਾਜ਼ਿਲਕਾ ਵੱਲੋਂ 74 ਲੱਖ ਰੁਪਏ ਦੀ ਲਾਗਤ ਨਾਲ ਇਸ ਕੰਮ ਲਈ ਟੈਂਡਰ ਲਗਾਏ ਗਏ ਸਨ, ਜੋ ਕਿ ਪੂਰੇ ਤੌਰ 'ਤੇ ਪਾਰਦਰਸ਼ੀ ਤਰੀਕੇ ਨਾਲ ਕੀਤੇ ਗਏ। ਟੈਂਡਰ ਦੀ ਪ੍ਰਕਿਰਿਆ ਮੁੱਕਮਲ ਹੋਣ ਉਪਰੰਤ ਹੁਣ ਕੰਮ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਵਿਧਾਇਕ ਸਵਨਾ ਨੇ ਦੱਸਿਆ ਕਿ ਇਹ ਕੰਮ ਸੁਪਰ ਸੈਕਸ਼ਨ ਮਸ਼ੀਨਾਂ ਰਾਹੀਂ ਕਰਵਾਇਆ ਜਾ ਰਿਹਾ ਹੈ, ਜੋ ਕਿ ਨਵੀਨਤਮ ਤਕਨੀਕ ਨਾਲ ਲੈਸ ਹਨ ਅਤੇ ਸੀਵਰੇਜ ਦੀ ਬੰਦ ਹੋਈ ਲਾਈਨਾਂ ਨੂੰ ਅਸਾਨੀ ਨਾਲ ਖੋਲ੍ਹਣ ਵਿੱਚ ਸਖ਼ਤ ਤੌਰ 'ਤੇ ਕਾਰਗਰ ਹਨ। ਕੰਮ ਦੀ ਸ਼ੁਰੂਆਤ ਰਾਮ ਮੰਦਰ ਫਾਜ਼ਿਲਕਾ ਨੇੜਿਓਂ ਕੀਤੀ ਗਈ ਹੈ ਅਤੇ ਆਉਣ ਵਾਲੇ ਇੱਕ ਮਹੀਨੇ ਦੇ ਅੰਦਰ ਅੰਦਰ ਪੂਰੇ ਸ਼ਹਿਰ ਦੀ ਸੀਵਰੇਜ ਸਿਸਟਮ ਦੀ ਸਫਾਈ ਪੂਰੀ ਕਰ ਲਈ ਜਾਵੇਗੀ।

ਉਨ੍ਹਾਂ ਆਖਿਆ ਕਿ ਸਰਕਾਰ ਅਤੇ ਨਗਰ ਕੌਂਸਲ ਵੱਲੋਂ ਫਾਜ਼ਿਲਕਾ ਦੀ ਬਿਹਤਰੀ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਹ ਕੰਮ ਲੋਕਾਂ ਦੀ ਸਿਹਤ ਅਤੇ ਸਫਾਈ ਸੰਬੰਧੀ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਗਾਂਹ ਵਧਾਇਆ ਗਿਆ ਹੈ।

ਅੰਤ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਦੌਰਾਨ ਉਹ ਸਹਿਯੋਗ ਦੇਣ ਅਤੇ ਸਫਾਈ ਦੌਰਾਨ ਹੋਣ ਵਾਲੀਆਂ ਆਸਥਾਈ ਅਸੁਵਿਧਾਵਾਂ ਲਈ ਸਹਿਣਸ਼ੀਲਤਾ ਬਣਾਈ ਰੱਖਣ।

ਵਿਧਾਇਕ ਨੇ ਕਿਹਾ ਕਿ ਸੂਬਾ ਸਰਕਾਰ ਸ਼ਹਿਰ ਵਾਸੀਆਂ ਨੂੰ ਸਾਰੀਆਂ ਮੁਢਲੀਆਂ ਸਹੂਲਤਾਂ ਉਪਲਬਧ ਕਰਵਾਉਣ ਲਈ ਬਚਨਵੱਧ ਹੈ ਅਤੇ ਇਸੇ ਲੜੀ ਤਹਿਤ ਪ੍ਰਸ਼ਾਸਨ ਵੱਲੋਂ ਇਹ ਉਪਰਾਲੇ ਆਰੰਭ ਕੀਤੇ ਗਏ ਹਨ। ਉਹਨਾਂ ਨੇ ਕਿਹਾ ਕਿ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਸਫ਼ਾਈ ਪ੍ਰਕਿਰਿਆ ਦੀ ਨੇੜਿਓਂ ਨਜ਼ਰਸਾਨੀ ਕਰਨ ਅਤੇ ਯਕੀਨੀ ਬਣਾਉਣ ਤੇ ਕੋਈ ਵੀ ਇਲਾਕਾ ਸਫਾਈ ਤੋਂ ਵਾਂਝਾ ਨਾ ਰਹੇ।

# ਮਲੇਰੀਆ ਬੁਖਾਰ ਤੋਂ ਬਚਾਅ ਲਈ ਜਾਗਰੂਕਤਾ ਕੈਂਪ ਲਗਾਇਆ ਗਿਆ

**ਫਾਜ਼ਿਲਕਾ** - ਸਿਵਲ ਸਰਜਨ ਫਾਜ਼ਿਲਕਾ ਡਾਕਟਰ ਰਾਜ ਕੁਮਾਰ ਅਤੇ ਜ਼ਿਲਾ ਐਪੀਡੀਮਾਲੋਜਿਸਟ ਡਾਕਟਰ ਸੁਨੀਤਾ ਕੰਬੋਜ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਸੀ ਐਚ ਸੀ ਡੱਬ ਵਾਲਾ ਕਲਾਂ ਡਾਕਟਰ ਪੰਕਜ਼ ਚੌਹਾਨ ਦੇ ਯੋਗ ਅਗਵਾਈ ਹੇਠ ਅਤੇ ਵਿਜੇ ਕੁਮਾਰ? ਮਲਟੀਪਰਪਜ ਹੈਲਥ ਸੁਪਰਵਾਈਜਰ ਦੀ ਨਿਗਰਾਨੀ ਹੇਠ ਸਜਰਾਣਾ ਵਿਖੇ ਮਲੇਰੀਆ ਬੁਖਾਰ ਤੋਂ ਬਚਾਅ ਲਈ ਜਾਗਰੂਕਤਾ ਕੈਂਪ ਲਗਾਇਆ ਗਿਆ। ਮਲੇਰੀਆ ਬੁਖ਼ਾਰ ਦੇ ਲੱਛਣ ਇਲਾਜ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਇਸ ਦੌਰਾਨ ਮੋਹਿਤ ਕੁਮਾਰ ਕੁਮਾਰ ਮਲਟੀ ਪਰਪਜ਼ ਹੈਲਥ ਵਰਕਰ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੋਈ ਵੀ ਬੁਖ਼ਾਰ ਮਲੇਰੀਆ ਹੋ ਸਕਦਾ ਹੈ। ਮਲੇਰੀਆ ਬੁਖਾਰ ਦਾ ਇਲਾਜ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕਰਵਾ ਸਕਦਾ ਹੈ। ਇਸ ਦੋਰਾਨ ਬੁਖਾਰ ਦੇ ਸ਼ੱਕੀ ਮਰੀਜ਼ਾਂ ਦੇ ਮਲੇਰੀਆ ਆਰ ਡੀ ਟੀ ਟੈਸਟ ਕੀਤੇ ਗਏ। ਉਨ੍ਹਾਂ ਨੇ ਕਿਹਾ ਕਿ ਆਪਣੇ ਘਰ ਦੇ ਆਲੇ ਦੁਆਲੇ ਦੀ ਸਫਾਈ ਰੋਜ਼ਾਨਾ ਕੀਤੀ ਜਾਵੇ ਅਤੇ ਕਿਸੇ ਵੀ ਤਰ੍ਹਾਂ ਦਾ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇਗਾ ਉਥੇ ਹਮੇਸ਼ਾ ਮੱਛਰਾਂ ਦੇ ਪੈਦਾ ਹੋਣ ਦਾ ਕਾਰਨ ਬਣਦਾ ਹੈ। ਨਾਲ?ਆਂ ਅਤੇ ਟੋਭਿਆਂ ਵਿਚ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਕਾਲਾ ਤੇਲ ਪਾਇਆ ਜਾਵੇ। ਘਰਾਂ ਵਿਚ ਪਏ ਵਾਧੂ ਦੇ ਕਬਾੜ ਨੂੰ ਛੱਤ ਥੱਲੇ ਰੱਖ ਦਿੱਤਾ ਜਾਵੇ ਕੋਈ ਵੀ ਕਬਾੜ ਖੁੱਲ੍ਹੇ ਵਿਹੜੇ ਵਿੱਚ ਨਾ ਰੱਖਿਆ ਜਾਵੇ। ਘਰ ਵਿਚ ਕੂਲਰਾਂ, ਫਰੀਜ਼ ਦੀ ਟਰੇਅ, ਗਮਲਿਆਂ ਆਦਿ ਦੀ ਹਫਤੇ ਵਿੱਚ ਇੱਕ ਵਾਰ ਸਫਾਈ ਜ਼ਰੂਰ ਕੀਤੀ ਜਾਵੇ। ਮੱਛਰਾਂ ਤੋਂ ਬਚਾਅ ਲਈ ਪੂਰੀ ਬਾਜੂ ਵਾਲੇ ਕਪੜੇ ਪਾਏ ਜਾਣ ਅਤੇ ਰਾਤ ਨੂੰ ਸੌਣ ਵੇਲੇ ਮੱਛਰਦਾਨੀ ਅਤੇ ਮੱਛਰ ਭਜਾਓ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪਾਣੀ ਵਾਲੇ ਬਰਤਨਾਂ ਨੂੰ ਹਮੇਸ਼ਾ ਢਕ ਕੇ ਰੱਖਿਆ ਜਾਵੇ ਅਤੇ ਇਹਨਾਂ ਦੀ ਹਫਤੇ ਵਿਚ ਇਕ ਦਿਨ ਸਫਾਈ ਕੀਤੀ ਜਾਵੇ। ਇਸ ਦੌਰਾਨ , ਸੀ ਐਚ ਓ ਚੇਤਨ ਕੁਮਾਰ ਅਮਨਦੀਪ ਕੌਰ ਏ ਐਨ ਐਮ, ਆਸ਼ਾ ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

# ਲਾਇਨਜ਼ ਕਲੱਬ ਡੇਰਾਬੱਸੀ ਵਲੋਂ ਸਾਲਾਨਾ ਉਤਸਵ 'ਦੇਵ 2025' ਕਰਵਾਇਆ ਗਿਆ

## ਨਿਤਿਨ ਜਿੰਦਲ ਨੂੰ ਮਲਟੀਪਲ ਬੈਸਟ ਪ੍ਰੈਜ਼ੀਡੈਂਟ ਅਵਾਰਡ ਨਾਲ ਸਨਮਾਨਿਤ ਕੀਤਾ



**ਡੇਰਾਬਸੀ - ( ਅਸ਼ੋਕ ਜੋਸ਼ੀ )-** ਡੇਰਾਬਸੀ ਲਾਇਨਜ਼ ਕਲੱਬ ਦੇ ਸਾਲਾਨਾ ਉਤਸਵ 'ਦੇਵ-2025' ਦੌਰਾਨ ਲਾਇਨ ਨਿਤਿਨ ਜਿੰਦਲ ਨੂੰ ਬੈਸਟ ਮਲਟੀਪਲ ਪ੍ਰੈਜ਼ੀਡੈਂਟ ਅਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ। ਇਸ ਕੜੀ ਵਿੱਚ ਲਾਇਨਜ਼ ਕਲੱਬ ਡੇਰਾਬੱਸੀ ਨੂੰ ਵੀ ਮਲਟੀਪਲ ਬੈਸਟ ਕਲੱਬ ਅਵਾਰਡ ਮਿਲਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਲਾਇਨਜ਼ ਕਲੱਬ ਦੇ ਉਪ-ਪ੍ਰਧਾਨ ਉਪੇਸ਼ ਬੰਸਲ ਨੇ ਦੱਸਿਆ ਕਿ ਲਾਇਨਜ਼ ਕਲੱਬ ਡੇਰਾਬਸੀ ਵੱਲੋਂ ਸਾਲਾਨਾ ਉਤਸਵ 'ਦੇਵ-2025' ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਡਿਸਟ੍ਰਿਕਟ ਗਵਰਨਰ 321-ਐਫ ਰਵਿੰਦਰ ਸਗਰ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹਾਂ ਨੇ ਇਸ ਮੌਕੇ ਡੇਰਾਬਸੀ ਲਾਇਨਜ਼ ਕਲੱਬ ਦੇ ਪ੍ਰਧਾਨ ਨਿਤਿਨ ਜਿੰਦਲ ਨੂੰ ਮਲਟੀਪਲ ਦੇ ਬੈਸਟ ਪ੍ਰੈਜ਼ੀਡੈਂਟ ਅਵਾਰਡ ਨਾਲ ਸਨਮਾਨਿਤ ਕੀਤਾ। ਇੱਥੇ ਯੋਗ ਹੈ ਕਿ ਮਲਟੀਪਲ ਵਿੱਚ ਲਗਭਗ 1200 ਕਲੱਬ ਆਉਂਦੇ ਹਨ। ਡਿਸਟ੍ਰਿਕਟ ਗਵਰਨਰ ਅਤੇ ਉਨ੍ਹਾਂ ਦੇ ਸਹਿਯੋਗੀਆਂ ਵੱਲੋਂ ਨਿਤਿਨ ਜਿੰਦਲ ਨੂੰ ਸ਼ਾਲ ਅਤੇ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਉਪੇਸ਼ ਬੰਸਲ ਨੇ ਦੱਸਿਆ ਕਿ ਡੇਰਾਬਸੀ ਕਲੱਬ ਵੱਲੋਂ 2024-2025 ਦੌਰਾਨ ਕੁੱਲ 1555 ਪ੍ਰੋਜੈਕਟ ਕੀਤੇ ਗਏ, ਜੋ ਕਿ ਦੁਨੀਆ ਭਰ ਵਿੱਚ ਕਿਸੇ ਇਕ ਕਲੱਬ ਵੱਲੋਂ ਕੀਤੇ ਗਏ ਸਭ ਤੋਂ ਵੱਧ ਪ੍ਰੋਜੈਕਟ ਹਨ। ਇਨ੍ਹਾਂ ਪ੍ਰੋਜੈਕਟਾਂ ਵਿੱਚ 24 ਨੇਤ੍ਰਦਾਨ, 16 ਰਕਤਦਾਨ ਕੈਂਪਾਂ ਵਿੱਚ 1289 ਯੂਨਿਟ ਇਕੱਠੇ ਕੀਤੇ, 125 ਤੋਂ ਵੱਧ ਅੱਖਾਂ ਦੀ ਜਾਂਚ ਅਤੇ ਆਪਰੇਸ਼ਨ, 64 ਤੋਂ ਵੱਧ ਸ਼ੂਗਰ ਜਾਂਚ ਅਤੇ ਜਾਗਰੂਕਤਾ ਕੈਂਪ, 15 ਵਿਦਿਆਰਥੀਆਂ ਦੀ ਸਾਲ ਭਰ ਦੀ ਫੀਸ ਭਰੀ, ਡੇਰਾਬਸੀ ਦੀ ਵੱਡੀ ਲੋੜ ਨੂੰ ਪੂਰਾ ਕਰਦਿਆਂ ਇਕ ਡੈੱਡ ਬਾਡੀ ਫ੍ਰਿਜ ਦਿੱਤਾ ਗਿਆ, ਇਕ ਐਂਬੂਲੈਂਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਡੋਨੇਟ ਕੀਤੀ ਗਈ, 15 ਤੋਂ ਵੱਧ ਮੇਗਾ ਹੈਲਥ ਚੈਕਅੱਪ ਕੈਂਪ ਲਗਾਏ ਗਏ, 20 ਦੇ ਕਰੀਬ ਲੋੜਵੰਦ ਕੁੜੀਆਂ ਦੀ ਵਿਆਹ ਵਿੱਚ ਮਦਦ ਕੀਤੀ, 50 ਤੋਂ ਵੱਧ ਵਾਟਰ ਪਿਉਰੀਫਾਇਰ ਲੋੜਵੰਦ ਪਰਿਵਾਰਾਂ ਨੂੰ ਦਿੱਤੇ, ਹਰ ਮਹੀਨੇ 45 ਤੋਂ ਵੱਧ ਪਰਿਵਾਰਾਂ ਨੂੰ ਰਾਸ਼ਨ ਦਿੱਤਾ ਗਿਆ, 56 ਸਕੂਲਾਂ ਦੇ 1500 ਤੋਂ ਵੱਧ ਬੱਚਿਆਂ ਨੂੰ ਸਟੇਸ਼ਨਰੀ ਅਤੇ ਕਿਤਾਬਾਂ ਦਿੱਤੀਆਂ, ਲੋੜਵੰਦ ਔਰਤਾਂ ਨੂੰ 23 ਸਿਲਾਈ ਮਸ਼ੀਨਾਂ ਦਿੱਤੀਆਂ, 2024-2025 ਦੌਰਾਨ 1255 ਛਾਇਆਦਾਰ ਬੂਟੇ ਅਤੇ 2850 ਤੁਲਸੀ ਦੇ ਪੌਦੇ ਗਮਲਿਆਂ ਸਮੇਤ ਵੰਡੇ, 23 ਵਾਰ ਸਿਵਲ ਹਸਪਤਾਲ ਵਿੱਚ ਓਪਰੇਸ਼ਨ ਇਕੁਇਪਮੈਂਟ ਅਤੇ ਕੰਬਲ ਆਦਿ ਡੋਨੇਟ ਕੀਤੇ, ਲੋੜਵੰਦਾਂ ਨੂੰ 22 ਕੂਲਰ ਅਤੇ 11 ਗੀਜ਼ਰ, 6 ਵ?ਹੀਲਚੇਅਰ, 300 ਤੋਂ ਵੱਧ ਹੈਲਮੈਟ ਰੋਡ ਸੇਫਟੀ ਹੇਠ ਵੰਡੇ ਗਏ। ਇਨ੍ਹਾਂ ਤੋਂ ਇਲਾਵਾ, ਹਲਕੇ ਦੀਆਂ 80 ਤੋਂ ਵੱਧ ਸ਼ਖਸੀਤਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਕਈ ਲੋੜਵੰਦਾਂ ਲਈ ਲੰਗਰ ਤੇ ਛਬੀਲ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਡਿਸਟ੍ਰਿਕਟ ਗਵਰਨਰ ਰਵਿੰਦਰ ਸਗਰ, ਫਰਸਟ ਡਿਸਟ੍ਰਿਕਟ ਗਵਰਨਰ ਅਮ੍ਰਿਤਪਾਲ ਸਿੰਘ ਝੰਡੂ, ਸੈਕੰਡ ਡਿਸਟ੍ਰਿਕਟ ਗਵਰਨਰ ਅਜੈ ਗੋਇਲ, ਆਉਣ ਵਾਲੇ ਸਾਲ ਦੇ ਸੈਕੰਡ ਡਿਸਟ੍ਰਿਕਟ ਗਵਰਨਰ ਨਰੇਸ਼ ਗੋਇਲ, ਡਿਸਟ੍ਰਿਕਟ ਕੋਆਰਡੀਨੇਟਰ ਸਤਪਾਲ ਜਿੰਦਲ, ਸੀਨੀਅਰ ਲਾਇਨ ਕੇ.ਕੇ. ਵਰਮਾ, ਡਿਸਟ੍ਰਿਕਟ ਸਕੱਤਰ ਜਤਿੰਦਰ ਵਰਮਾ, ਰੀਜਨ ਚੇਅਰਮੈਨ ਕ੍ਰਿਸ਼ਨ ਪਾਲ ਸ਼ਰਮਾ, ਡੇਰਾਬਸੀ ਦੇ ਚਾਰਟਡ ਪ੍ਰੈਜ਼ੀਡੈਂਟ ਵਿਜੈ ਮਿੱਤਲ, ਜ਼ੋਨ ਚੇਅਰਪਰਸਨ ਅਮਨਦੀਪ ਗੁਲਾਟੀ ਅਤੇ ਸੋਨੀਆ ਅਰੋੜਾ ਸਮੇਤ ਕਲੱਬ ਦੇ ਕਈ ਮੈਂਬਰ ਹਾਜ਼ਰ ਸਨ।

# ਚਾਈਲਡ ਵੈਲਫੇਅਰ ਕੌਂਸਲ, ਪੰਜਾਬ ਵੱਲੋਂ ਆਯੋਜਿਤ ਸਮਰ ਕੈਂਪ ਦਾ ਸਮਾਪਨ ਸਮਾਰੋਹ

**ਮੋਹਾਲੀ - ( ਅਸ਼ੋਕ ਜੋਸ਼ੀ )** ਚਾਈਲਡ ਵੈਲਫੇਅਰ ਕੌਂਸਲ, ਪੰਜਾਬ ਵੱਲੋਂ 2 ਜੂਨ ਤੋਂ 14 ਜੂਨ, 2025 ਤੱਕ ਆਯੋਜਿਤ ਸਮਰ ਕੈਂਪ ਦਾ ਸਮਾਪਨ ਸਮਾਰੋਹ ਅੱਜ ਬਾਲ ਭਵਨ, ਮੋਹਾਲੀ ਵਿਖੇ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ (ਜਨਰਲ), ਸ਼੍ਰੀਮਤੀ ਗੀਤਿਕਾ ਸਿੰਘ ਸ਼ਾਮਲ ਹੋਏ। ਕੌਂਸਲ ਦੀ ਚੇਅਰਪਰਸਨ ਸ਼੍ਰੀਮਤੀ ਪ੍ਰਾਜਕਤਾ ਅਵਾਡ, ਖਜ਼ਾਨਚੀ ਸ਼੍ਰੀਮਤੀ ਰਤਿੰਦਰ ਬਰਾੜ ਅਤੇ ਸਕੱਤਰ ਡਾ. (ਸ਼੍ਰੀਮਤੀ) ਪ੍ਰੀਤਮ ਸੰਧੂ ਵੀ ਮੌਜੂਦ ਸਨ।

ਇਸ ਕੈਂਪ ਵਿੱਚ ਕੁੱਲ 41 ਬੱਚਿਆਂ ਨੇ ਨਿਯਮਿਤ ਕਿਰਿਆਵਾਂ ਚ ਭਾਗ ਲਿਆ। ਕੈਂਪ ਦੌਰਾਨ ਯੋਗ ਆਸਨ, ਆਰਟ ਐਂਡ ਕਰਾਫਟ ਅਤੇ ਸੰਗੀਤ ਦੀਆਂ ਕਲਾਸਾਂ ਜਿਵੇਂ ਸਰਸਵਤੀ ਵੰਦਨਾ, ਗਾਇਤਰੀ ਮੰਤਰ ਅਤੇ ਮੂਲ ਮੰਤਰ ਦਾ ਉਚਾਰਨ ਸਿਖਾਇਆ ਗਿਆ। ਸਮਾਪਨ ਸਮਾਰੋਹ ਵਿੱਚ ਬੱਚਿਆਂ ਨੇ ਕੈਂਪ ਦੌਰਾਨ ਸਿੱਖੀਆਂ ਗਤਿਵਿਧੀਆਂ ਦੀਆਂ ਪੇਸ਼ਕਾਰੀਆਂ ਦਿੱਤੀਆਂ। ਮੁੱਖ ਮਹਿਮਾਨ ਦੇ ਸਵਾਗਤ ਤੋਂ ਬਾਅਦ ਡਾ. ਪ੍ਰੀਤਮ ਸੰਧੂ ਨੇ ਕੈਂਪ ਦੌਰਾਨ ਹੋਈਆਂ ਗਤਿਵਿਧੀਆਂ ਦੀ ਸੰਖੇਪ ਰਿਪੋਰਟ ਪੇਸ਼ ਕੀਤੀ ਅਤੇ ਕੈਂਪ ਦੇ ਮਕਸਦ ਬਾਰੇ ਜਾਣਕਾਰੀ ਦਿੱਤੀ। ਕੌਂਸਲ ਦੀ ਚੇਅਰਪ੍ਰਸਨ ਸ਼੍ਰੀਮਤੀ ਪ੍ਰਾਜਕਤਾ ਅਵਾਡ ਨੇ ਬੱਚਿਆਂ ਨੂੰ ਰਚਨਾਤਮਕ ਅਤੇ ਸਕਾਰਾਤਮਕ ਗਤਿਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਜਕੱਲ੍ਹ ਕੈਰੀਅਰ ਚੁਣਨ ਲਈ ਕਈ ਵਿਕਲਪ ਹਨ, ਜਿਨ੍ਹਾਂ ਦਾ ਲਾਭ ਲੈਣਾ ਚਾਹੀਦਾ ਹੈ। ਸ਼੍ਰੀਮਤੀ ਗੀਤਿਕਾ ਸਿੰਘ ਨੇ ਬੱਚਿਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਅਤੇ ਕੌਂਸਲ ਵੱਲੋਂ ਅਜਿਹੀਆਂ ਅਰਥ ਭਰਪੂਰ ਗਤਿਵਿਧੀਆਂ ਕਰਵਾਉਣ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਐਸੀਆਂ ਸਰਗਰਮੀਆਂ ਵਿੱਚ ਸ਼ਾਮਿਲ ਕਰਨਾ ਅੱਜ ਦੀ ਲੋੜ ਹੈ। ਉਨ੍ਹਾਂ ਨੇ ਬੱਚਿਆਂ ਨੂੰ ਸਰਟੀਫਿਕੇਟ ਵੀ ਵੰਡੇ।



ਇਸ ਮੌਕੇ 'ਤੇ 60 ਤੋਂ ਵੱਧ ਮਾਪੇ ਵੀ ਹਾਜ਼ਰ ਰਹੇ। ਆਖ਼ਰ ਵਿੱਚ ਕੌਂਸਲ ਦੀ ਖਜ਼ਾਨਚੀ ਸ਼੍ਰੀਮਤੀ ਰਤਿੰਦਰ ਬਰਾੜ ਨੇ ਧੰਨਵਾਦ ਪ੍ਰਸਤਾਵ ਪੇਸ਼ ਕੀਤਾ।

# ਪਤਨੀ ਦਾ ਕਤਲ ਕਰਨ ਵਾਲਾ ਪਤੀ ਢਿਲਵਾਂ ਪੁਲਿਸ ਨੇ ਕੀਤਾ ਕਾਬੂ

**ਕਪੂਰਥਲਾ**

ਢਿੱਲਵਾ ਪੁਲਿਸ ਨੇ ਪਿੰਡ ਧਾਲੀਵਾਲ ਬੇਟ ਵਿਚ ਮਈ ਮਹੀਨੇ ਵਿੱਚ ਇੱਕ ਵਿਅਕਤੀ ਵਲੋਂ ਆਪਣੀ ਪਤਨੀ ਦੀ ਹੱਤਿਆ ਕਰਨ ਉਪਰੰਤ ਫਰਾਰ ਹੋ ਗਿਆ ਸੀ, ਜੋ ਕਿ ਢਿਲਵਾਂ ਪੁਲਿਸ ਨੇ ਅੱਜ ਉਸ ਨੂੰ ਕਾਬੂ ਕਰ ਲਿਆ, ਇਸ ਸਬੰਧੀ ਥਾਣਾ ਮੁਖੀ ਦਲਵਿੰਦਰ ਵੀਰ ਸਿੰਘ ਅਤੇ ਮੁੱਖ ਮੁਨਸ਼ੀ ਰਵਿੰਦਰ ਨੇ ਦੱਸਿਆ ਕਿ ਕਰਮਜੀਤ ਕੌਰ ਪਤਨੀ ਲੇਟ ਪਰਗਟ ਸਿੰਘ ਵਾਸੀ ਸੁੰਨੜਾਵਾਲਾ ਥਾਣਾ ਸਦਰ ਕਪੂਰਥਲਾ ਨੇ ਥਾਣਾ ਢਿਲਵਾ ਵਿਚ ਮਾਮਲਾ ਦਰਜ ਕਰਵਾਇਆ ਸੀ ਕਿ ਉਸ ਦੀ ਇੱਕ ਲੜਕੀ ਰਾਜਵੀਰ ਕੌਰ ਜਿਸਦੀ ਸ਼ਾਦੀ ਅੰਮ੍ਰਿਤਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਧਾਲੀਵਾਲ ਬੇਟ ਥਾਣਾ ਢਿੱਲਵਾ ਜਿਲਾ ਕਪੂਰਥਲਾ ਨਾਲ ਮਿਤੀ 31.08.2014 ਨੂੰ ਹੋਈ ਸੀ। ਜਿਸਦੇ ਦੋ ਬੱਚੇ ਹਨ ਉਸ ਦਾ



ਜਵਾਈ ਵਿਦੇਸ਼ ਇਟਲੀ ਚੱਲਾ ਗਿਆ ਸੀ ਉਸ ਦੀ ਲੜਕੀ ਰਾਜਵੀਰ ਕੌਰ ਅਤੇ ਉਸ ਦੇ ਬੱਚੇ ਆਪਣੇ ਸੁਹਰਾ ਪਰਿਵਾਰ ਵਿੱਚ ਅਲੱਗ ਪੋਰਸ਼ਨ ਵਿੱਚ ਦੂਸਰੀ ਮੰਜਿਲ ਤੇ ਰਹਿੰਦੇ ਸਨ । ਉਸ ਦਾ ਜਵਾਈ ਦੇ ਵਿਦੇਸ਼ ਜਾਣ ਤੋ ਬਾਅਦ ਉਸ ਦੀ ਲੜਕੀ ਰਾਜਵੀਰ ਕੌਰ ਨੂੰ ਉਸਦੀ ਸੱਸ ਮਨਜਿੰਦਰ ਕੌਰ ਉਸਨੂੰ ਤੰਗ ਪ੍ਰੇਸ਼ਾਨ ਕਰਨ ਲੱਗ ਪਈ ਅਤੇ ਉਸ ਦੇ ਜਵਾਈ ਨੂੰ ਮੇਰੀ ਲੜਕੀ ਰਾਜਵੀਰ ਕੌਰ ਦੇ ਕਰੈਕਟਰ ਬਾਰੇ ਗਲਤ ਇਲਜਾਮ ਲਗਾ ਕੇ ਉਸਨੂੰ ਭੜਕਾਉਦੀ ਰਹੀ। ਜਿਸ ਤੇ ਮੇਰਾ ਜਵਾਈ ਉਸ ਦੀ ਲੜਕੀ ਨਾਲ ਫੋਨ ਕਰਕੇ ਮਾੜਾ ਚੰਗਾ ਬੋਲਦਾ ਸੀ ਤੇ ਲੜਾਈ ਝਗੜਾ ਕਰਦਾ ਸੀ ਉਸ ਦਾ ਜਵਾਈ ਅਮ੍ਰਿੰਤਪਾਲ ਸਿੰਘ ਧਾਲੀਵਾਲ ਮਿਤੀ 01.05.2025 ਨੂੰ ਵਿਦੇਸ਼ ਇਟਲੀ ਤੋ ਭਾਰਤ ਆ ਗਿਆ ਫਿਰ ਮੇਰੀ ਲੜਕੀ ਦੋ ਦਿਨ ਉਸ ਨਾਲ ਫੋਨ ਤੇ ਗੱਲ ਕਰਦੀ ਰਹੀ ਕਿ ਉਸ ਦੀ ਸੱਸ ਦੀ ਸਹਿ ਤੇ ਉਸ ਦਾ ਪਤੀ ਮੇਰੇ ਨਾਲ ਮਾਰ ਕੁੱਟ ਕੀਤੀ ਤੇ ਉਸ ਦਾ ਫੋਨ ਵੀ ਤੋੜ ਦਿੱਤਾ ਹੈ।

ਮਿਤੀ 06.05.2025 ਨੂੰ ਸ਼ਾਮ ਉਸ ਦੀ ਲੜਕੀ ਰਾਜਵੀਰ ਕੌਰ ਦਾ ਉਸ ਨੂੰ ਫੋਨ ਆਇਆ ਸੀ ਕਿ ਉਸ ਦਾ ਪਤੀ ਅਮ੍ਰਿੰਤਪਾਲ ਉਸ ਨਾਲ ਲੜਾਈ ਝਗੜਾ ਕਰ ਰਿਹਾ ਹੈ ਤੇ ਉਸ ਨੂੰ ਜਾਨੋ ਮਾਰਨ ਦੀਆ ਧਮਕੀਆ ਦੇ ਰਿਹਾ ਹੈ ਤੇ ਘਰੋ ਜਾਣ ਲਈ ਕਹਿ ਰਿਹਾ ਹੈ। ਅੱਜ ਉਸ ਨੂੰ ਉਸ ਦੇ ਪਿੰਡ ਦੇ ਮੋਹਤਬਰ ਨੇ ਫੋਨ ਕਰਕੇ ਉਸ ਨੂੰ ਦੱਸਿਆ ਕਿ ਉਸਨੂੰ ਪਿੰਡ ਧਾਲੀਵਾਲ ਬੇਟ ਦੇ ਵਸਨੀਕ ਹਰਜਿੰਦਰ ਸਿੰਘ ਪਿੰਕਾ ਦਾ ਫੋਨ ਆਇਆ ਕਿ ਤੁਹਾਡੀ ਲੜਕੀ ਰਾਜਵੀਰ ਕੌਰ ਦੀ ਫਾਹਾ ਲੈਣ ਨਾਲ ਮੌਤ ਹੋ ਗਈ ਹੈ। ਉਸ ਨੂੰ ਪੂਰਾ ਯਕੀਨ ਹੈ ਕਿ ਉਸ ਦੀ ਲੜਕੀ ਰਾਜਵੀਰ ਕੋਰ ਨੇ ਖੁਦਖੁਸ਼ੀ ਨਹੀ ਕੀਤੀ ਉਸ ਦਾ ਕਤਲ ਉਸ ਦੇ ਜਵਾਈ ਅਮ੍ਰਿੰਤਪਾਲ ਸਿੰਘ ਨੇ ਮਿਤੀ 6/7-5-2025 ਦੀ ਦਰਮਿਆਨੀ ਰਾਤ ਨੂੰ ਉਸ ਦੀ ਲੜਕੀ ਦਾ ਗਲਾ ਘੁੱਟ ਕੇ ਆਪਣੀ ਮਾਤਾ ਮਨਜਿੰਦਰ ਕੌਰ ਦੀ ਸ਼ਹਿ ਤੇ ਮਾਰ ਦਿੱਤਾ ਹੈ।

ਜਿਸ ਤੇ ਮਹਿਲਾ ਦੇ ਪਤੀ ਅੰਮ੍ਰਿਤਪਾਲ ਸਿੰਘ ਤੇ ਵੱਖ ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਸੀ, ਢਿਲਵਾ ਪੁਲੀਸ ਨੇ ਅੱਜ ਮੁਖ਼ਬਰ ਦੀ ਸੂਚਨਾ ਮਿਲਨ ਦੇ ਅਧਾਰ ਤੇ ਮ੍ਰਿਤਕ ਮਹਿਲਾ ਦੇ ਪਤੀ ਨੂੰ ਅੰਮ੍ਰਿਤ ਪਾਲ ਸਿੰਘ ਨੂੰ ਕਾਬੂ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ

# ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਮਜੀਠਾ ਰੋਡ ਡੀਪੂਆਂ ਤੇ ਪਹੁੰਚ ਕੇ ਕੀਤੀ ਚੈਕਿੰਗ

**ਅੰਮ੍ਰਿਤਸਰ**

ਖੁਰਾਕ ਸੁਰੱਖਿਆ ਐਕਟ ਦੇ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਸਰਕਾਰੀ ਰਾਸ਼ਨ ਡਿਪੂਆਂ ’ਤੇ ਵੰਡੀ ਜਾਣ ਵਾਲੀ ਕਣਕ ਦੀ ਗੁਣਵੱਤਾ ਅਤੇ ਮਾਤਰਾ ਵਿੱਚ ਪਾਰਦਰਸ਼ਤਾ ਲਿਆਉਣ ਲਈ, ਪੰਜਾਬ ਰਾਜ ਖੁਰਾਕ ਕਮਿਸ਼ਨ ਅਚਾਨਕ ਨਿਰੀਖਣ ਕਰਦਾ ਰਹੇਗਾ। ਇਸ ਯੋਜਨਾ

**ਡਿਪੂ ਲਾਭਪਾਤਰ 9876764-545 ਨੰਬਰ ਤੇ ਕਰਵਾ ਸਕਦੇ ਨੇ ਸ਼ਿਕਾਇਤ ਦਰਜ**

ਪ੍ਰਤੀ ਲਾਪਰਵਾਹੀ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਬਿਆਨ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਰਾਸ਼ਨ ਡਿਪੂਆਂ ’ਤੇ ਕੀਤੇ ਗਏ ਅਚਾਨਕ ਨਿਰੀਖਣ ਦੌਰਾਨ ਦਿੱਤਾ। ਵਿਜੇ ਦੱਤ ਨੇ ਅੰਮ੍ਰਿਤਸਰ ਦੇ ਤਹਿਸੀਲਪੁਰਾ, ਮਜੀਠਾ ਰੋਡ ’ਤੇ ਨਗੀਨਾ ਐਵੇਨਿਊ, ਗੰਡਾ ਸਿੰਘ ਕਲੋਨੀ ਅਤੇ ਇੰਦਰਾ ਕਲੋਨੀ ਦੇ ਖੇਤਰਾਂ ਵਿੱਚ ਸਥਿਤ ਰਾਸ਼ਨ ਡਿਪੂਆਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਨੇ ਡਿਜੀਟਲ ਨਮੀ ਮੀਟਰ ਦੀ ਵਰਤੋਂ ਕਰਕੇ ਕਣਕ ਦੀ ਨਮੀ ਦੀ ਮਾਤਰਾ ਦੀ ਜਾਂਚ ਕੀਤੀ, ਜੋ ਕਿ ਨਿਰਧਾਰਤ ਮਾਪਦੰਡਾਂ ਦੇ ਅੰਦਰ ਪਾਇਆ ਗਿਆ। ਨਿਰੀਖਣ ਦੌਰਾਨ ਖੁਰਾਕ ਸਪਲਾਈ ਵਿਭਾਗ ਦੇ ਅਧਿਕਾਰੀ ਮੌਜੂਦ ਸਨ। ਵਿਜੇ ਦੱਤ ਨੇ ਦੱਸਿਆ ਕਿ ਸਰਕਾਰ ਅਪ੍ਰੈਲ ਤੋਂ ਜੂਨ ਤੱਕ ਤਿੰਨ ਮਹੀਨਿਆਂ ਲਈ ਕਣਕ ਵੰਡ ਯੋਜਨਾ ਚਲਾ ਰਹੀ ਹੈ। ਹਰੇਕ ਡਿਪੂ ’ਤੇ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਬਾਇਓਮੈਟ੍ਰਿਕ ਮਸ਼ੀਨਾਂ ਅਤੇ ਇਲੈਕਟ?ਰਾਨਿਕ ਤੋਲ ਸਕੇਲਾਂ ਦੀ ਵਰਤੋਂ ਨੇ ਵੰਡ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ ਬਣਾਇਆ ਹੈ। ਦੱਤ ਨੇ ਕਿਹਾ ਕਿ ਉਹ ਅਜਿਹੇ ਅਚਨਚੇਤ ਦੌਰੇ ਕਰਦੇ ਰਹਿਣਗੇ ਅਤੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਪ੍ਰਤੀ ਸਖ਼ਤ ਰਵੱਈਆ ਅਪਣਾਉਣਗੇ। ਉਨ੍ਹਾਂ ਸਾਰੇ ਲਾਭਪਾਤਰੀਆਂ ਨੂੰ ਅਪੀਲ ਕੀਤੀ ਜਿਨ੍ਹਾਂ ਨੇ ਅਜੇ ਤੱਕ ਆਪਣਾ ਤਿੰਨ ਮਹੀਨਿਆਂ ਦਾ ਕਣਕ ਦਾ ਕੋਟਾ ਇਕੱਠਾ ਨਹੀਂ ਕੀਤਾ ਹੈ, ਉਹ ਆਪਣੇ ਨਜ਼ਦੀਕੀ ਰਾਸ਼ਨ ਡਿਪੂ ’ਤੇ ਜਾਣ ਅਤੇ ਆਪਣਾ ਈ ਕੇ ਵਾਈ ਸੀ (ਇਲੈਕਟ?ਰਾਨਿਕ ਨੋ ਯੂਅਰ ਕਸਟਮਰ) ਪੂਰਾ ਕਰਨ ਕਿਉਂਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੁਆਰਾ ਨਿਰਧਾਰਤ ਆਖਰੀ ਮਿਤੀ 30 ਜੂਨ 2025 ਹੈ। ਇਸ ਤੋਂ ਇਲਾਵਾ, ਉਨ੍ਹਾਂ ਹਦਾਇਤ ਕੀਤੀ ਕਿ ਸਾਰੇ ਰਾਸ਼ਨ ਡਿਪੂਆਂ ’ਤੇ ਪੰਜਾਬ ਰਾਜ ਖੁਰਾਕ ਕਮਿਸ਼ਨ ਹੈਲਪਲਾਈਨ ਨੰਬਰ 9876764545 ਸਪੱਸ਼ਟ ਤੌਰ ’ਤੇ ਪ੍ਰਦਰਸ਼ਿਤ ਕੀਤਾ ਜਾਵੇ। ਕੋਈ ਵੀ ਲਾਭਪਾਤਰੀ ਇਸ ਨੰਬਰ ’ਤੇ ਸਕੀਮ ਨਾਲ ਸਬੰਧਤ ਸ਼ਿਕਾਇਤਾਂ ਦਰਜ ਕਰਵਾ ਸਕਦਾ ਹੈ।

# ਵਿਸ਼ਵ ਖੂਨਦਾਨ ਦਿਵਸ ’ਤੇ ਅਲਾਇੰਸ ਇੰਟਰਨੈਸ਼ਨਲ ਕਲੱਬ ਵੱਲੋਂ ਸਨਮਾਨ ਸਮਾਰੋਹ ਆਯੋਜਿਤ

**ਜ਼ੀਰਾ**

ਅਲਾਇੰਸ ਇੰਟਰਨੈਸ਼ਨਲ ਕਲੱਬ ਜ਼ੀਰਾ ਵੱਲੋਂ ਪ੍ਰਧਾਨ ਵਿਜੇ ਮੋਂਗਾ ਅਤੇ ਉਘੇ ਸਮਾਜ ਸੇਵੀ ਸੁਖਦੇਵ ਬਿੱਟੂ ਵਿੱਜ ਦੀ ਪ੍ਰਧਾਨਗੀ ਹੇਠ ਵਿਸ਼ਵ ਖੂਨਦਾਨ ਦਿਵਸ ਸਨਮਾਨ ਸਮਾਰੋਹ ਸਮਾਗਮ ਸ਼ਿਵਲਾ ਮੰਦਰ ਜ਼ੀਰਾ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਨਰੇਸ਼ ਕਟਾਰੀਆ ਅਤੇ ਵਿਸ਼ੇਸ਼ ਮਹਿਮਾਨ ਵਜੋਂ ਆਪ ਆਗੂ ਗੁਰਪ੍ਰੀਤ ਸਿੰਘ ਜੱਜ ਨੇ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਮੌਕੇ ਬੀਤੇ ਦਿਨੀਂ ਜਹਾਜ਼ ਹਾਦਸੇ ਦੌਰਾਨ ਮਾਰੇ ਗਏ 297 ਯਾਤਰੂਆਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਅਤੇ ਆਪ ਆਗੂ ਗੁਰਪ੍ਰੀਤ ਸਿੰਘ ਜੱਜ ਨੇ ਖੂਨਦਾਨੀਆਂ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਦੇ ਜਜ਼ਬੇ ਨੂੰ ਸਲਾਮ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਨੌਜਵਾਨ ਸਮਾਜ ਦਾ ਮਾਣ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਖੂਨਦਾਨ ਵਰਗੀ ਸੇਵਾ ਨਾਲ




ਨਾ ਸਿਰਫ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ, ਸਗੋਂ ਸਮਾਜ ਵਿੱਚ ਸਕਾਰਾਤਮਕ ਸੁਨੇਹਾ ਵੀ ਫੈਲਦਾ ਹੈ। ਸੁਖਦੇਵ ਬਿੱਟੂ ਵਿਜ, ਜ਼ਿਲ੍ਹਾ ਚੇਅਰਮੈਨ (ਬਲੱਡ ਡੋਨੇਸ਼ਨ) ਅਤੇ ਸਾਬਕਾ ਵਾਈਸ ਪਰਧਾਨ ਨਗਰ ਕੌਸਲ ਜੀਰਾ ਨੂੰ 50 ਵਾਰ ਤੋ ਵੱਧ ਖੂਨ ਦਾਨ ਕਰਨ ਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ! ਸਮਾਗਮ ਵਿੱਚ ਰੀਜਨਲ ਚੇਅਰਮੈਨ ਸਤਿੰਦਰ ਸਚਦੇਵਾ, ਪ੍ਰਧਾਨ ਵਿਜੈ ਮੋਂਗਾ, ਜ਼ਿਲ੍ਹਾ ਚੇਅਰਮੈਨ ਸੁਖਦੇਵ ਬਿੱਟੂ ਵਿਜ, ਜ਼ਿਲ੍ਹਾ ਚੇਅਰਮੈਨ (ਬਲੱਡ ਡੋਨੇਸ਼ਨ) ਮੋਹਿੰਦਰ ਪਾਲ, ਜ਼ਿਲ੍ਹਾ ਚੇਅਰਮੈਨ (ਇਨਵਾਇਰਮੈਂਟ) ਚਰਨਪ੍ਰੀਤ ਸਿੰਘ, ਗੁਰਬਖ਼ਸ਼ ਸਿੰਘ ਵਿਜ, ਗੁਰਪਾਲ ਜੀਰਵੀ, ਤਰਸੇਮ ਲਾਲ ਜਨੇਜਾ, ਪੁਸ਼ਪਿੰਦਰ ਸਿੰਘ, ਨੀਤੂ ਸ਼ਰਮਾ ਮਹਿਲਾ ਪਰਮੁੱਖ ,ਲੱਕੀ ਆਹੂਜਾ, ਓਮ ਪ੍ਰਕਾਸ਼ ਪੂਰੀ, ਜੁਗਲ ਕਿਸ਼ੋਰ, ਰਾਜੇਸ਼ ਲੱਕੀ, ਜਸਦੀਪ ਸਿੰਘ, ਰੋਹਿਤ ਜੈਨ, ਰਾਜਿੰਦਰ ਰਿੰਪਾ ਵਿੱਜ , ਦਲੀਪ ਦਾਸ ,ਰਵਿੰਦਰ ਬੇਰੀ, ਡਾ ਹਰਦੀਪ ਸਿੰਘ, ਡਾ ਅਸ਼ੋਕ ਅਰੋੜਾ, ਚੰਦ ਅਰੋੜਾ, ਡਾ. ਬੁਲਾਰ ਸਿੰਘ ਰੰਗੀ, ਤਨੁ ਬਿੰਦਰਾ ਅਤੇ ਨਰਿੰਦਰ ਸਿੰਘ ਐਨਜੀਓ ਪਰਧਾਨ ਸਮੇਤ ਕਈ ਪਤਵੰਤੇ ਸ਼ਖਸੀਅਤਾਂ ਨੇ ਹਿੱਸਾ ਲਿਆ। ਵਿਧਾਇਕ ਨਰੇਸ਼ ਕਟਾਰੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਖੂਨਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਵਿਸ਼ਵ ਖੂਨਦਾਨ ਦਿਵਸ ਸਾਨੂੰ ਇਹ ਸੁਨੇਹਾ ਦਿੰਦਾ ਹੈ ਕਿ ਹਰ ਵਿਅਕਤੀ ਆਪਣੀ ਛੋਟੀ ਜਿਹੀ ਕੋਸ਼ਿਸ਼ ਨਾਲ ਕਿਸੇ ਦੀ ਜਾਨ ਬਚਾ ਸਕਦਾ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਅਜਿਹੇ ਸਮਾਜਿਕ ਕੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਸਮਾਗਮ ਵਿੱਚ ਸ਼ਾਮਲ ਸਾਰੇ ਲੋਕਾਂ ਨੇ ਖੂਨਦਾਨ ਦੀ ਮਹੱਤਤਾ ’ਤੇ ਚਾਨਣਾ ਪਾਇਆ ਅਤੇ ਅਜਿਹੇ ਸਮਾਗਮਾਂ ਨੂੰ ਨਿਯਮਤ ਤੌਰ ’ਤੇ ਕਰਵਾਉਣ ਦੀ ਵਕਾਲਤ ਕੀਤੀ। ਇਸ ਮੌਕੇ ਖੂਨਦਾਨੀਆਂ ਨੂੰ ਸਨਮਾਨ ਪੱਤਰ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਸਫਲਤਾ ਲਈ ਸੰਗਠਨ ਦੇ ਸਾਰੇ ਮੈਂਬਰਾਂ ਨੇ ਇਕਜੁੱਟ ਹੋ ਕੇ ਸਹਿਯੋਗ ਦਿੱਤਾ।

# ਲੁਧਿਆਣਾ ਉੱਪ ਚੋਣ ’ਚ ਵੱਡੀ ਲੀਡ ਨਾਲ ਜਿੱਤੇਗੀ ’ ਆਪ ’ : ਗੁਰਪ੍ਰੀਤ ਕੰਡਾ

**ਅੰਮ੍ਰਿਤਸਰ**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜ਼ਿਲਾ ਲੁਧਿਆਣਾ ਹਲਕਾ ਪੱਛਮੀ ਤੋਂ ਉੱਪ ਚੋਣ ਲੜ ਰਹੇ ’ਆਪ’ ਉਮੀਦਵਾਰ ਸੰਜੀਵ ਅਰੋੜਾ ਲੋਕਾਂ ਦੇ ਸਹਿਯੋਗ ਨਾਲ ਵੱਡੀ ਲੀਡ ਨਾਲ ਜਿੱਤ ਹਾਸਲ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੀ ਅੰਮ੍ਰਿਤਸਰ ਹਲਕਾ ਦੱਖਣੀ ਮਹਿਲਾ ਵਿੰਗ ਵਾਈਸ ਪ੍ਰੈਜੀਡੈਂਟ ਗੁਰਪ੍ਰੀਤ ਕੌਰ ’ਕੰਡਾ’ ਨੇ ਕਰਦਿਆਂ ਕਿਹਾ ਕਿ

ਮਾਨ ਸਰਕਾਰ ਵੱਲੋਂ ਪਿਛਲੇ 3 ਸਾਲਾਂ ਤੋਂ ਲਗਾਤਾਰ ਕੀਤੇ ਜਾ ਰਹੇ ਲੋਕ ਹਿੱਤ ਕਾਰਜਾਂ ਬਦੌਲਤ ਲੁਧਿਆਣਾ ਵਾਸੀ ਆਪ ਦੇ ਹੱਕ ਵਿਚ ਫਤਵਾ ਦੇਣ ਨੂੰ ਤਿਆਰ ਬੈਠੇ ਹਨ। ਉਨ੍ਹਾ ਕਿਹਾ ਕਿ ਲੁਧਿਆਣਾ ਉੱਪ ਚੋਣ ਦੇ ਉਮੀਦਵਾਰ ਸੰਜੀਵ ਅਰੋੜਾ ਵੱਲੋਂ



ਲੁਧਿਆਣਾ ’ਚ ਰਿਕਾਰਡ ਤੋੜ ਵਿਕਾਸ ਕਾਰਜ ਕਰਵਾਉਣ ਤੋਂ ਇਲਾਵਾ ਹਰ ਵਰਗ ਦੇ ਲੋਕਾਂ ਨੂੰ ਰਾਹਤ ਦਵਾਉਣ ਲਈ ਕਈ ਅਹਿਮ ਫੈਸਲੇ ਲਏ ਹਨ, ਜਿਸ ਦੇ ਮੱਦੇਨਜ਼ਰ ’ਆਪ’ ਵੱਲੋਂ ਉਨਾਂ ਨੂੰ ਮੰਤਰੀ ਬਣਾਉਣ ਦਾ ਯੋਗ ਫੈਸਲਾ ਵੀ ਕੀਤਾ ਗਿਆਂ ਹੈ। ਉਨਾਂ ਕਿਹਾ ਕਿ ਹੁਣ ਤੱਕ ਦੀ ਸਰਕਾਰ ਦੀ ਕਾਰਗੁਜਾਰੀ ਤੋਂ ਪੰਜਾਬ ਵਾਸੀ ਆਮ ਆਦਮੀ ਪਾਰਟੀ ਨਾਲ ਲਗਾਤਾਰ ਜੁੜ ਰਹੇ ਹਨ। ਇਥੇ ਹੀ ਉਨਾਂ ਦਸਿਆ ਕਿ ਅੰਮ੍ਰਿਤਸਰ ਹਲਕਾ ਦੱਖਣੀ ਦੇ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਦੀ ਅਗਵਾਈ ਹੇਠ ਪਾਰਟੀ ਆਗੂਆਂ ਅਤੇ ਵਰਕਰਾਂ ਵੱਲੋਂ ਸੰਜੀਵ ਅਰੋੜਾ ਦੇ ਹੱਕ ’ਚ ਸਾਥੀਆਂ ਸਣੇ ਚੋਣ ਪ੍ਰਚਾਰ ਜੰਗੀ ਪੱਧਰ ਤੇ ਕੀਤਾਂ ਜਾਂ ਰਿਹਾ ਹੈ ਅਤੇ ਇਹ ਮਿਹਨਤ ਜਰੂਰ ਰੰਗ ਲਿਆਏਗੀ।

ਅਖੀਰ ਮਹਿਲਾ ਵਿੰਗ ਦੇ ਵਾਈਸ ਪ੍ਰੈਜ਼ੀਡੈਂਟ ਹਲਕਾ ਦੱਖਣੀ ਅੰਮ੍ਰਿਤਸਰ ਗੁਰਪ੍ਰੀਤ ਕੌਰ ਨੇ ਵਿਰੋਧੀਆਂ ਨੂੰ ਵੀ ਨਿਸ਼ਾਨੇ ਉਤੇ ਲੈਂਦਿਆਂ ਕਿਹਾ ਕਿ ਲੁਧਿਆਣਾ ਵਾਸੀ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਉਮੀਦਵਾਰਾਂ ਅੱਗੇ ਸਵਾਲਾਂ ਦੀ ਝੜੀ ਲਾ ਰਹੇ ਹਨ ਪਰ ਵਿਰੋਧੀ ਜਵਾਬ ਦੇਣ ਤੋਂ ਅਸਮਰਥ ਹੋ ਚੁੱਕੇ ਹਨ।

# ਹੁਸ਼ਿਆਰਪੁਰ ਦੇ ਮਿਰਾਜ਼ ਸਿਨੇਪਲੈਕਸ ’ਚ ਕੇਕ ਕੱਟ ਕੇ ਕੀਤੀ ਫਿਲਮ "ਡਾਕੂਆਂ ਦਾ ਮੁੰਡਾ 3" ਦੀ ਰਿਲੀਜ਼ਿੰਗ

## ਫਿਲਮ ’ਚ ਹੁਸ਼ਿਆਰਪੁਰ ਦੀ ਬੇਟੀ ਦ੍ਰਿਸ਼ਟੀ ਤਲਵਾੜ ਦੀ ਅਦਾਕਾਰੀ ਲਈ ਵੱਜੀਆਂ ਤਾੜੀਆਂ

**ਹੁਸ਼ਿਆਰਪੁਰ**

ਅਦਾਕਾਰ ਦੇਵ ਖਰੌੜ, ਬਾਣੀ ਸੰਧੂ ਅਤੇ ਹੁਸ਼ਿਆਰਪੁਰ ਦੀ ਬੇਟੀ ਦ੍ਰਿਸ਼ਟੀ ਤਲਵਾੜ ਦੀ ਨਵੀਂ ਆਈ ਪੰਜਾਬੀ ਫਿਲਮ ÷ਡਾਕੂਆਂ ਦਾ ਮੁੰਡਾ 3÷ ਦੀ ਸ਼ੁਕਰਵਾਰ ਨੂੰ ਹੁਸ਼ਿਆਰਪੁਰ ਦੇ ਮਿਰਾਜ਼ ਸਿਨੇ ਪਲੈਕਸ ’ਚ ਕੇਕ ਕੱਟ ਕੇ ਰਿਲੀਜਿੰਗ ਕੀਤੀ ਗਈ ਜ਼ਿਕਰਯੋਗ ਹੈ ਕਿ ਇਸ ਫਿਲਮ ਵਿੱਚ ਹੁਸ਼ਿਆਰਪੁਰ ਦੀ ਸੀਨੀਅਰ ਅਕਾਲੀ ਦੰਪਤੀ ਸੰਜੀਵ ਤਲਵਾੜ ਅਤੇ ਨੀਤੀ ਤਲਵਾੜ ਦੀ ਲਾਡਲੀ ਬੇਟੀ ’ਦ੍ਰਿਸ਼ਟੀ ਤਲਵਾੜ’ ਅਦਾਕਾਰੀ ਕਰ ਰਹੀ ਹੈ ਜਿਸ ਦੀ ਸਿਲਵਰ ਸਕਰੀਨ ਤੇ ਐਂਟਰੀ ਹੁੰਦਿਆਂ ਸਾਰ ਹੀ ਤਾੜੀਆਂ ਦੀ ਗੜ ਗੜਹਾਟ ਨਾਲ ਮਿਰਾਜ਼ ਸਿਨੇਪਲੈਕਸ ਗੂੰਜ ਉਠਿਆ ÷ਡਾਕੂਆਂ ਦਾ ਮੁੰਡਾ 3÷ ਦੇ ਪਹਿਲੇ ਸ਼ੋ ਦੀ ਰਿਲੀਜ਼ਿੰਗ ਮੌਕੇ ਦ੍ਰਿਸ਼ਟੀ ਤਲਵਾੜ ਦੇ ਪਿਤਾ ਸੰਜੀਵ ਤਲਵਾੜ ਤੇ ਮਾਤਾ ਨੀਤੀ





ਤਲਵਾੜ ਨੇ ਕੇਕ ਕੱਟ ਕੇ ਖੁਸ਼ੀ ਮਨਾਈ ਅਤੇ ਬੇਟੀ ਦ੍ਰਿਸ਼ਟੀ ਨੂੰ ਸਪੋਰਟ ਕਰਨ ਵਾਲੇ ਸਮੂਹ ਹੁਸ਼ਿਆਰਪੁਰ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦ੍ਰਿਸ਼ਟੀ ਦੇ ਇਸ ਸਿਲਵਰ ਸਕ੍ਰੀਨ ਦੇ ਮੁਸ਼ਕਿਲ ਸਫਰ ਵਿੱਚ ਸਮੂਹ ਹੁਸ਼ਿਆਰਪੁਰ ਵਾਸੀਆਂ ਦੇ ਅਸ਼ੀਰਵਾਦ ਦੀ ਲੋੜ ਹੈ ਉਹਨਾਂ ਆਸ ਪ੍ਰਗਟਾਉਂਦਿਆਂ ਕਿਹਾ ਕਿ ਜਿਵੇਂ ਤਲਵਾੜ ਪਰਿਵਾਰ ਨੂੰ ਰਾਜਨੀਤੀ ਦੇ ਖੇਤਰ ਵਿੱਚ ਹੁਸ਼ਿਆਰਪੁਰ ਵਾਸੀਆਂ ਨੇ ਆਪਣਾ ਪਿਆਰ ਦਿੱਤਾ ਹੈ ਇਸੇ ਤਰ੍ਹਾਂ ਹੀ ਦ੍ਰਿਸ਼ਟੀ ਵੀ ਆਪਣੀ ਮਿਹਨਤ ਅਤੇ ਸਮਰਪਣ ਭਾਵਨਾ ਦੇ ਬਲਬੂਤੇ ਫਿਲਮ ਅਦਾਕਾਰੀ ਦੇ ਖੇਤਰ ਵਿੱਚ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕਰੇਗੀ ਪੱਤਰਕਾਰਾਂ ਵੱਲੋਂ ਪੁੱਛੇ ਗਏ ਇੱਕ ਸਵਾਲ ਦਾ ਜਵਾਬ ਦਿੰਦਿਆਂ ਸੰਜੀਵ ਤਲਵਾੜ ਨੇ ਦੱਸਿਆ ਕਿ ਇਸ ਫਿਲਮ ਦਾ ਵਿਸ਼ਾ ਵਸਤੂ ਯਥਾਰਥ ਦੇ ਬਿਲਕੁਲ ਨਜ਼ਦੀਕ ਹੈ ਅਤੇ ਹਰ ਫਿਲਮ ਵੇਖਣ ਵਾਲੇ ਨੂੰ ਮੌਜੂਦਾ ਪੰਜਾਬ ਦੇ ਅੱਜ ਦੇ ਹਾਲਾਤ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲੇਗਾ ਇਸ ਫਿਲਮ ਵਿੱਚ ਇਹ ਦੱਸਿਆ ਗਿਆ ਹੈ ਕਿ ਚਿੱਟੇ ਦਾ ਵਪਾਰ ਕਿਵੇਂ ਕੁਝ ਭ੍ਰਿਸ਼ਟ ਅਤੇ ਸਵਾਰਥੀ ਸਰਕਾਰੀ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਸ਼ਹਿ ’ਤੇ ਹੋਣਹਾਰ ਸੂਝਵਾਨ ਅਤੇ ਉੱਚੇ ਸੁਪਨੇ ਰੱਖਦੀ ਨੌਜਵਾਨ ਪੀੜੀ ਨੂੰ ਨਿਗਲ ਰਿਹਾ ਹੈ ਅਤੇ ਉਨ੍ਹਾਂ ਨੂੰ ਗੈਂਗਸਟਰਵਾਦ ਦੇ ਰਾਹ ਤੋਰ ਰਿਹਾ ਹੈ ਉਹਨਾਂ ਦਾ ਦਾਅਵਾ ਕੀਤਾ ਕਿ ਇਹ ਫਿਲਮ ਪ੍ਰਚਲਿਤ ਪੰਜਾਬੀ ਫ਼ਿਲਮਾਂ ਨਾਲੋਂ ਹੱਟ ਕੇ ਵਿਸ਼ਾ ਵਸਤੂ, ਅਦਾਕਾਰੀ ਅਤੇ ਸਿਨੇਮਾਟੋਗ੍ਰਾਫੀ ਦੇ ਖੇਤਰ ਵਿੱਚ ਨਵੀਆਂ ਪੈੜਾਂ ਪਾਵੇਗੀ ਇਸ ਮੌਕੇ ਸਰਬਤ ਦਾ ਭਲਾ ਸੁਸਾਇਟੀ ਦੇ ਆਗਿਆਪਾਲ ਸਿੰਘ ਸਾਹਨੀ, ਕੁਲਵਿੰਦਰ ਸਿੰਘ ਜੰਡਾ, ਸਰਬਜੀਤ ਕੌਰ,ਆਗਿਆਪਾਲ ਸਿੰਘ, ਰੰਜੀਵ ਤਲਵਾੜ, ਹਰਕਮਲ ਕਲਸੀ, ਜੀਵਨ ਕੁਮਾਰ, ਭੁਪਿੰਦਰ ਸਿੰਘ, ਸੁਮਿਤ ਗੁਪਤਾ, ਬਲਵੀਰ ਕੌਰ ਰਾਜਕੁਮਾਰੀ, ਅਗਮਪ੍ਰੀਤ ਕੌਰ, ਸਰਬਜੀਤ ਕੌਰ, ਸੋਨੀਆ ਤਲਵਾੜ, ਪ੍ਰੀਆ ਸੈਣੀ, ਕ੍ਰਿਸ਼ਨਾ ਥਾਪਰ, ਸੀਮਾ, ਸਵਿਤਾ ਸਹਾਰਨ ਅਤੇ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸ਼ੀਅਤਾਂ ਹਾਜ਼ਿਰ ਸਨ

# ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਵਲੋਂ ਸੂਬੇ ਵਿਚ ਜਲ ਸੰਕਟ ਸਬੰਧੀ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ

**ਚੰਡੀਗੜ੍ਹ।** ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਵਲੋਂ ਸੂਬੇ ਵਿਚ ਜਲ ਸੰਕਟ ਸਬੰਧੀ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਪ੍ਰੋ. ਡਾ. ਸੁਖਪਾਲ ਸਿੰਘ, ਚੇਅਰਮੈਨ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਦੋ ਰੋਜ਼ਾ ਵਰਕਸ਼ਾਪ ਵਿੱਚ ਕਾਰਬਨ ਡੇਟਿੰਗ, ਮਿੱਟੀ ਪਾਣੀ ਦੇ ਆਈਸੋਟੋਪ ਅਧਿਐਨ ਅਤੇ ਪੰਜਾਬ ਦੇ ਸੀਪੇਜ ਅਧਿਐਨ ਨੂੰ ਕਵਰ ਕਰਨ ਵਾਲੇ ਇੱਕ ਵਿਆਪਕ ਸੂਖਮ-ਪੱਧਰੀ ਅਧਿਐਨ ’ਤੇ ਚਰਚਾ ਕੀਤੀ ਗਈ। ਡਾ. ਗੁਰਕੰਵਲ ਸਿੰਘ, ਸਾਬਕਾ ਡਾਇਰੈਕਟਰ ਹਾਰਟੀਕਲਚਰ, ਪੰਜਾਬ ਨੇ ਮੀਟਿੰਗ ਦੀ ਸਹਿ-ਪ੍ਰਧਾਨਗੀ ਕੀਤੀ। ਮੀਟਿੰਗ ਦਾ ਆਯੋਜਨ ਡਾ. ਆਰ.ਐਸ. ਬੈਂਸ, ਪ੍ਰਸ਼ਾਸਕੀ ਅਧਿਕਾਰੀ-ਕਮ-ਸਕੱਤਰ, ਪੀਐਸਐਫਸੀ ਦੁਆਰਾ ਕੀਤਾ ਗਿਆ ।

ਵਰਕਸ਼ਾਪ ਦੇ ਪਹਿਲੇ ਦਿਨ ਪੰਜਾਬ ਦੀਆਂ ਅਤਿ ਜਰੂਰੀ ਹਾਈਡ?ਰੋਜੀਓਲੋਜੀਕਲ ਚੁਣੌਤੀਆਂ ’ਤੇ ਚਰਚਾ ਕੀਤੀ ਗਈ ਜਿਸ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ), ਲੁਧਿਆਣਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਮਾਹਿਰਾਂ ਨੇ ਭੂਮੀਗਤ ਪ੍ਰਬੰਧਨ ਲਈ ਮਹੱਤਵਪੂਰਨ ਖੋਜਾਂ ਅਤੇ ਟਿਕਾਊ ਹੱਲ ਪੇਸ਼ ਕੀਤੇ।

ਡਾ. ਜੇ.ਪੀ. ਸਿੰਘ, ਪ੍ਰੋਫੈਸਰ ਅਤੇ ਮੁਖੀ, ਮਿੱਟੀ ਅਤੇ ਪਾਣੀ ਇੰਜੀਨੀਅਰਿੰਗ ਅਤੇ ਡਾ. ਸਮਨਪ੍ਰੀਤ ਕੌਰ, ਪ੍ਰਿੰਸੀਪਲ ਵਿਗਿਆਨੀ, ਪੀ.ਏ.ਯੂ ਲੁਧਿਆਣਾ ਨੇ ਜ਼ਮੀਨਦੋਜ਼ ਪਾਣੀ ਸਬੰਧੀ ਚਿੰਤਾਵਾਂ ਅਤੇ ਸੰਭਾਵੀ ਹੱਲਾਂ ’ਤੇ ਇੱਕ ਵਿਸਥਾਰਪੂਰਵਕ ਪੇਸ਼ਕਾਰੀ ਦਿੱਤੀ। ਡਾ. ਕੌਰ ਨੇ ਪੰਜਾਬ ਲਈ ਖਾਸ ਤੌਰ ’ਤੇ ਇੱਕ ਸਮਾਰਟ ਸਬਮਰਸੀਬਲ ਪੰਪ ਵਿਕਸਤ ਕਰਨ ਦੀ ਤੁਰੰਤ ਲੋੜ ’ਤੇ ਜ਼ੋਰ ਦਿੱਤਾ, ਜਿਸ ਨਾਲ ਕਿਸਾਨ ਧਰਤੀ ਹੇਠਲੇ ਪਾਣੀ ਦੀ ਸਮਝਦਾਰੀ ਨਾਲ ਵਰਤੋਂ ਲਈ ਅਸਲ-ਸਮੇਂ ਦੇ ਡੇਟਾ ਤੱਕ ਪਹੁੰਚ ਕਰ ਸਕਣ। ਵਿਚਾਰ-ਵਟਾਂਦਰੇ ਵਿੱਚ ਸੇਮ ਵਾਲੇ ਇਲਾਕੇ, ਧਰਤੀ ਹੇਠਲੇ ਪਾਣੀ ਰੀਚਾਰਜ ਕੁਸ਼ਲਤਾ ਅਤੇ ਰੀਚਾਰਜ ਤਕਨੀਕਾਂ ਵਰਗੇ ਮੁੱਦਿਆਂ ’ਤੇ ਚਰਚਾ ਕੀਤੀ ਗਈ। ਉਨ੍ਹਾ ਦਸਿਆ ਕਿ ਪੀਏਯੂ ਵਲੋਂ ਮੀਂਹ ਦੇ ਪਾਣੀ ਦੀ ਸੰਭਾਲ ਲਈ ਕਈ ਮਾਡਲ ਵਿਕਸਤ ਕੀਤਾ ਗਏ ਹਨ, ਜਿਨ੍ਹਾਂ ਨੂੰ ਵੱਡੇ ਪੱਧਰ ’ਤੇ ਅੰਤਿਮ ਰੂਪ ਦੇਣ ਅਤੇ ਲੋਕਾਂ ਤੱਕ ਪਹੁੰਚਦਾ ਕਰਨ ਦੀ ਲੋੜ ਹੈ। ਪੀਣ ਵਾਲੇ ਅਤੇ ਸਿੰਚਾਈ ਵਾਲੇ ਪਾਣੀ ਦੋਵਾਂ ਵਿੱਚ ਦੂਸ਼ਿਤ ਹੋਣ ਦੇ ਮੁੱਦੇ ਨੇ ਵੀ ਗੰਭੀਰ ਚਿੰਤਾ ਪੈਦਾ ਕੀਤੀ ਹੈ। ਵਿਗਿਆਨੀਆਂ ਨੇ ਵੱਖ-ਵੱਖ ਅਧਿਐਨਾਂ ਨੂੰ ਵੀ ਰੱਖਿਆ, ਜਿਨ੍ਹਾਂ ਵਿੱਚ ਪੰਜਾਬ ਦੇ ਜਲ ਪ੍ਰਣਾਲੀਆਂ ਦਾ ਇਤਿਹਾਸਕ ਵਿਸ਼ਲੇਸ਼ਣ, ਧਰਤੀ ਹੇਠਲੇ ਪਾਣੀ ਰੀਚਾਰਜ ਲਈ ਨਾ ਵਰਤੋਂ ਵਾਲੇ ਖੂਹਾਂ ਅਤੇ ਪਿੰਡ ਦੇ ਛੱਪੜਾਂ ਦੀ ਵਰਤੋਂ, ਅਤੇ ਕੱਦੂ ਵਾਲੇ ਅਤੇ ਸਿੱਧੀ ਬਿਜਾਈ ਵਾਲੇ ਝੋਨੇ (DSR) ਦੀ ਕਾਸ਼ਤ ਅਧੀਨ ਰੀਚਾਰਜ ਪੱਧਰਾਂ ’ਤੇ ਤੁਲਨਾਤਮਕ ਅਧਿਐਨ ਸ਼ਾਮਲ ਹਨ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਹਾਈਡ?ਰੋਲੋਜੀ ਅਤੇ ਐਨਥਰੋਪੋਲੋਜੀ ਵਿਭਾਗ ਤੋਂ ਡਾ. ਮਹੇਸ਼ ਠਾਕੁਰ, ਮੁੱਖੀ ਐਨਥਰੋਪੋਲੋਜੀ ਵਿਭਾਗ ਅਤੇ ਡਾ. ਜੇ.ਐਸ. ਸੇਖਾਵਤ, ਸਹਾਇਕ ਪ੍ਰੋਫੈਸਰ, ਡਾ. ਪ੍ਰਕਾਸ਼ ਤਿਵਾੜੀ ਅਤੇ ਡਾ. ਜੁਗਰਾਜ ਸਿੰਘ ਨੇ ਪੰਜਾਬ ਵਿੱਚ ਟਿਕਾਊ ਪਾਣੀ ਪ੍ਰਬੰਧਨ ਲਈ ਹਾਈਡ?ਰੋਜੀਓਲੋਜੀਕਲ ਚੁਣੌਤੀਆਂ, ਖੋਜ ਨਤੀਜਿਆਂ ਅਤੇ ਪ੍ਰਸਤਾਵਿਤ ਖੋਜ ਅਤੇ ਵਿਕਾਸ ਹੱਲਾਂ ’ਤੇ ਪੇਸ਼ਕਾਰੀ ਦਿੱਤੀ। ਉਨ੍ਹਾਂ ਦੀ ਪੇਸ਼ਕਾਰੀ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਯੂਰੇਨੀਅਮ ਅਤੇ ਆਰਸੈਨਿਕ ਵਰਗੇ ਉੱਭਰ ਰਹੇ ਅਤੇ ਖਤਰਨਾਕ ਪਾਣੀ ਦੇ ਦੂਸ਼ਿਤ ਤੱਤਾਂ ’ਤੇ ਕੇਂਦ੍ਰਿਤ ਸੀ। ਟੀਮ ਨੇ ਪੰਜ ਜ਼ਿਲ੍ਹਿਆਂ ਵਿੱਚ ਕੀਤੇ ਗਏ ਇੱਕ ਅਧਿਐਨ ਤੋਂ ਖੋਜਾਂ ਸਾਂਝੀਆਂ ਕੀਤੀਆਂ, ਜਿਸ ਵਿੱਚ ਪਾਣੀ ਅਤੇ ਮਿੱਟੀ ਦੋਵਾਂ ਵਿੱਚ ਦੂਸ਼ਿਤਤਾ ਦੀ ਮੈਪਿੰਗ ਕੀਤੀ ਗਈ ਜਿਸ ਦੌਰਾਨ ਕੇਂਦਰੀ ਪੰਜਾਬ ਵਿੱਚ ਚਿੰਤਾਜਨਕ ਨਤੀਜੇ ਸਾਹਮਣੇ ਆਏ। ਚਰਚਾ ਵਿੱਚ ਖੇਤੀਬਾੜੀ ਅਤੇ ਉਦਯੋਗਿਕ ਗਤੀਵਿਧੀਆਂ ਨਾਲ ਜੁੜੀ ਮਿੱਟੀ ਵਿੱਚ ਦੂਸ਼ਿਤਤਾ ਨੂੰ ਵੀ ਸ਼ਾਮਲ ਕੀਤਾ ਗਿਆ। ਟੀਮ ਨੇ ਹੋਰ ਖੋਜ ਦੀ ਤੁਰੰਤ ਲੋੜ ’ਤੇ ਜ਼ੋਰ ਦਿੱਤਾ, ਜਿਸ ਵਿੱਚ ਦੂਸ਼ਿਤਤਾ ਦੀ ਜ਼ਿਲ੍ਹਾ-ਵਾਰ ਸਥਾਨਕ ਮੈਪਿੰਗ, ਭੂਮੀਗਤ ਪਾਣੀ ਦੀ ਕਮਜ਼ੋਰੀ ਮੁਲਾਂਕਣ, ਪਾਣੀ ਦੀ ਗੁਣਵੱਤਾ ਸੂਚਕਾਂਕ ਮੈਪਿੰਗ ਅਤੇ ਸਿੰਚਾਈ ਅਨੁਕੂਲਤਾ ਅਧਿਐਨ ਸ਼ਾਮਲ ਹਨ।

ਦੂਜੇ ਦਿਨ ਡਾ. ਅਰੁਣ ਕੁਮਾਰ, ਜੇਡੀਏ (ਐਚਜੀ), ਡਾ. ਸੰਦੀਪ ਸਿੰਘ ਵਾਲੀਆ, ਸ਼੍ਰੀ ਦੀਪਕ ਸੇਠੀ ਅਤੇ ਸ਼੍ਰੀਮਤੀ ਗੀਤਿਕਾ, ਸਹਾਇਕ ਭੂ-ਵਿਗਿਆਨੀ , ਖੇਤੀਬਾੜੀ ਅਤੇ ਕਿਸਾਨ ਭਲਾਈ ਡਾਇਰੈਕਟੋਰੇਟ, ਪੰਜਾਬ ਨੇ ਪੰਜਾਬ ਵਿੱਚ ਭੂਮੀਗਤ ਪਾਣੀ ਦੀ ਸਥਿਤੀ ’ਤੇ ਆਪਣਾ ਕੰਮ ਪੇਸ਼ ਕੀਤਾ। ਉਨ੍ਹਾਂ ਦੀ ਪੇਸ਼ਕਾਰੀ ਨੇ ਇੱਕ ਗੰਭੀਰ ਸਥਿਤੀ ਨੂੰ ਉਜਾਗਰ ਕੀਤਾ, 153 ਬਲਾਕਾਂ ਵਿੱਚੋਂ, 115 ਬਹੁਤ ਜ਼ਿਆਦਾ ਭੂਮੀਗਤ ਪਾਣੀ ਕੱਢਣ ਕਾਰਨ ਜ਼ਿਆਦਾ ਵਰਤੋਂ ਵਿੱਚ ਹਨ। ਰਾਜ ਵਿੱਚ ਔਸਤ ਭੂਮੀਗਤ ਪਾਣੀ ਕੱਢਣ ਦੀ ਦਰ ਹੈਰਾਨ ਕਰਨ ਵਾਲੀ 153.86% ਹੈ, ਜਿਸਦਾ ਅਰਥ ਹੈ ਕਿ ਪੰਜਾਬ ਰੀਚਾਰਜ ਹੋਣ ਨਾਲੋਂ 1.5 ਗੁਣਾ ਜ਼ਿਆਦਾ ਪਾਣੀ ਲੈ ਰਿਹਾ ਹੈ।

ਭੂਮੀਗਤ ਪਾਣੀ ਦੀ ਘਾਟ ਚਿੰਤਾਜਨਕ ਪੱਧਰ ’ਤੇ ਪਹੁੰਚ ਗਈ ਹੈ, ਪਾਣੀ ਨੂੰ ਧਰਤੀ ਹੇਠੋਂ ਬਾਹਰ ਕੱਢਣ ਅਤੇ ਕੁਦਰਤੀ ਰੀਚਾਰਜ ਵਿਚਕਾਰ ਲਗਭਗ 10 ਮਿਲੀਅਨ ਏਕੜ-ਫੁੱਟ ($16) ਦੀ ਸਾਲਾਨਾ ਕਮੀ ਹੈ। ਇਹ ਅਸਥਿਰ ਅਸੰਤੁਲਨ ਪੰਜਾਬ ਦੀ ਖੇਤੀਬਾੜੀ ਸਥਿਰਤਾ ਅਤੇ ਲੰਬੇ ਸਮੇਂ ਦੀ ਪਾਣੀ ਸੁਰੱਖਿਆ ਲਈ ਇੱਕ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਇਸ ਸੰਕਟ ਦਾ ਮੁੱਖ ਕਾਰਨ ਝੋਨੇ ਦੀ ਕਾਸ਼ਤ ਲਈ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਹੈ, ਜੋ ਕਿ ਵਿਵਹਾਰਕ ਵਿਕਲਪਾਂ ਅਤੇ ਟਿਕਾਊ ਹੱਲ ਲੱਭਣ ਲਈ ਸਾਰੇ ਹਿੱਸੇਦਾਰਾਂ ਦੇ ਸਹਿਯੋਗ ਦੀ ਤੁਰੰਤ ਲੋੜ ਨੂੰ ਉਜਾਗਰ ਕਰਦਾ ਹੈ।

ਪ੍ਰੋ. ਡਾ. ਸੁਖਪਾਲ ਸਿੰਘ ਨੇ ਆਉਣ ਵਾਲੇ ਪਾਣੀ ਦੇ ਸੰਕਟ ਨੂੰ ਰੋਕਣ ਲਈ ਵਿਗਿਆਨਕ ਦਖਲਅੰਦਾਜ਼ੀ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਭਾਵੇਂ ਕਿ ਸਾਰੇ ਹੀ ਇਹ ਅਦਾਰੇ ਆਪਣੇ-ਆਪਣੇ ਖੇਤਰ ਵਿੱਚ ਬਹੁਤ ਅੱਛਾ ਕੰਮ ਕਰ ਰਹੇ ਹਨ ਪ੍ਰੰਤੂ ਇਨਾਂ ਨੂੰ ਇੱਕ ਦੂਜੇ ਨਾਲ ਸਾਂਝ ਵਧਾਉਣ ਲਈ ਕਮਿਸ਼ਨ ਵਿੱਚ ਇੱਕ ਡਾਟਾ ਸੈਂਟਰ ਬਣਾਇਆ ਜਾ ਰਿਹਾ ਹੈ ਜਿਸ ਵਿੱਚ ਇਨਾਂ ਸਾਰੀਆਂ ਖੋਜ ਸੰਸਥਾਵਾਂ ਵਲੋਂ ਕੀਤੇ ਤਜਰਬਿਆਂ ਅਧਾਰ ਡਾਟਾ ਇੱਕਤਰ ਅਤੇ ਪ੍ਰੋਸੈਸ ਕਰਕੇ, ਸਰਕਾਰ ਜਾਂ ਹੋਰ ਸਿਖਿਆਰਥੀਆਂ ਨੂੰ ਮੁਹੱਈਆ ਕਰਵਾਕੇ ਪੰਜਾਬ ਦੀ ਭਵਿਖੀ ਵਿਉਂਤਬੰਦੀ ਲਈ ਵਰਤਿਆ ਜਾਵੇਗਾ।

# ਵਿਆਹੀ ਔਰਤ ਦੀਆਂ ਅਸ਼ਲੀਲ ਤਸਵੀਰਾਂ ਕੀਤੀਆਂ ਵਾਇਰਲ, ਪੁਰਾਣੇ ਦੋਸਤ ਨੇ ਦਿੱਤਾ ਸ਼ਰਮਨਾਕ ਘਟਨਾ ਨੂੰ ਅੰਜਾਮ

**ਲੁਧਿਆਣਾ:** ਔਰਤ ਦੇ ਪੁਰਾਣੇ ਦੋਸਤ ਨੇ ਉਸਦੀਆਂ ਅਸ਼ਲੀਲ ਤਸਵੀਰਾਂ ਸੋਸ਼ਲ ਮੀਡੀਆ ’ਤੇ ਵਾਇਰਲ ਕੀਤੀਆਂ। ਇਸ ਮਾਮਲੇ ਵਿੱਚ ਥਾਣਾ ਸਰਾਭਾ ਨਗਰ ਦੀ ਪੁਲਿਸ ਨੇ ਬਾੜੇਵਾਲ ਰੋਡ ਦੇ ਇੱਕ ਇਲਾਕੇ ਦੇ ਰਹਿਣ ਵਾਲੇ ਮਹਿਲਾ ਦੇ ਪਤੀ ਦੀ ਸ਼ਿਕਾਇਤ ’ਤੇ ਨਿਊ ਜਨਤਾ ਨਗਰ ਦੇ ਵਾਸੀ ਸੁਖਦੀਪ ਸਿੰਘ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਥਾਣਾ ਸਰਾਭਾ ਨਗਰ ਦੀ ਪੁਲਿਸ ਨੂੰ ਸ਼ਿਕਾਇਤ ਦਿੰਦਿਆਂ ਔਰਤ ਦੇ ਪਤੀ ਨੇ ਦੱਸਿਆ ਕਿ ਵਿਆਹ ਤੋਂ ਪਹਿਲੋਂ ਉਸਦੀ ਪਤਨੀ ਦੀ ਸੁਖਦੀਪ ਸਿੰਘ ਨਾਲ ਦੋਸਤੀ ਸੀ। ਵਿਆਹ ਤੋਂ ਬਾਅਦ ਵੀ ਸੁਖਦੀਪ ਉਸ ਦੀ ਪਤਨੀ ਨਾਲ ਗੱਲਬਾਤ ਕਰਦਾ ਰਿਹਾ। ਮੁਲਜ਼ਮ ਅਕਸਰ ਉਸਦੀ ਪਤਨੀ ਨੂੰ ਮਿਲਣ ਲਈ ਬਾਹਰ ਬੁਲਾਉਂਦਾ ਸੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਮੁਲਜ਼ਮ ਨੇ ਬਦਨਾਮ ਕਰਨ ਲਈ ਉਸਦੀ ਪਤਨੀ ਦੀਆਂ ਅਸ਼ਲੀਲ ਤਸਵੀਰਾਂ ਸੋਸ਼ਲ ਮੀਡੀਆ ’ਤੇ ਵਾਇਰਲ ਕਰ ਦਿੱਤੀਆਂ। ਜਿਵੇਂ ਹੀ ਇਸ ਮਾਮਲੇ ਦੀ ਸੂਚਨਾ ਮਿਲੀ ਤਾਂ ਔਰਤ ਦੇ ਪਤੀ ਨੇ ਪੁਲਿਸ ਨੂੰ ਜਾਣਕਾਰੀ ਦਿੱਤੀ। ਥਾਣਾ ਸਰਾਭਾ ਨਗਰ ਦੇ ਮੁਖੀ ਮਲੂ ਬਾਲਾ ਨੇ ਦੱਸਿਆ ਕਿ ਪੁਲਿਸ ਨੇ ਔਰਤ ਦੇ ਪਤੀ ਦੀ ਸ਼ਿਕਾਇਤ ’ਤੇ ਨਿਊ ਜਨਤਾ ਨਗਰ ਦੇ ਵਾਸੀ ਸੁਖਦੀਪ ਸਿੰਘ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮ ਨੂੰ ਜਲਦੀ ਹੀ ਗ੍ਰਿਫਤਾਰ ਕੀਤਾ ਜਾਵੇਗਾ।